P.O. Regn. G/CHD/0090/2021-2023 ਭੇਟਾ 10/-

# ਗੁਰਬਾਣੀ ਚਾਨਣੁ

ਅੰਕ 09 ਨਾਨਕਸ਼ਾਹੀ ਸੰਮਤ 555 ਭਾਦੋਂ/ਅੱਸੂ ਸਤੰਬਰ, 2023 ਸਾਲ 41

ਬਿਨੁ ਪ੍ਰੀਤੀ ਭਗਤਿ ਨ ਹੋਵਈ
ਬਿਨੁ ਸਬਦੈ ਥਾਇ ਨ ਪਾਇ ॥
ਸਬਦੇ ਹਉਮੈ ਮਾਰੀਐ
ਮਾਇਆ ਕਾ ਭ੍ਰਮੁ ਜਾਇ ॥
ਨਾਮੁ ਪਦਾਰਥੁ ਪਾਈਐ
ਗੁਰਮੁਖਿ ਸਹਜਿ ਸੁਭਾਇ ॥੭॥

(ਅੰਗ-੬੭)

'ਗੁਰਬਾਣੀ ਇਸੁ ਜਗ ਮਹਿ ਚਾਨਣੁ'
ਪ੍ਰਚਾਰ ਤੇ ਪ੍ਰਸਾਰ ਸੰਸਥਾ
ਭਵਨ ਨੰ. 6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ)
ਫੋਨ ਨੰ. 0172-2913729, 98156-50812

ੴ ਸਤਿਗੁਰ ਪ੍ਰਸਾਦਿ ॥

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥**
**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥**

(ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥, ਅੰਗ-੭੯੬)


ਸੰਸਥਾ ਦੇ ਕਾਰਜਾਂ ਲਈ ਬੈਂਕ ਵਿੱਚ ਸਹਾਇਤਾ ਰਾਸ਼ੀ ਭੇਜਣ ਲਈ ਪਤਾ :

Bank A/C Name : Gurbani Iss Jag Meh Chanan
Bank Name : Panjab National Bank (Phase-1, Mohali)
Bank A/c No : 1155000100132409
IFSC Code : PUNB0040810
SWIFT Code (FOR FOREIGN REMITTENCE) : PUNBINBBMOH



Ph.No. 0172-2913729, 98156-50812 Web : www.gurbanichanan.org
E-mail : gurbanichanan1125@gmail.com



**ਬਾਨੀ (Founder) : ਗੁਰਪੁਰਵਾਸੀ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ**
**ਮੁੱਖ ਸੇਵਾਦਾਰ : ਸ.ਕੁਲਬੀਰ ਸਿੰਘ**
**ਮੁੱਖ ਸੰਪਾਦਕ : ਡਾ.ਪਰਮਜੀਤ ਸਿੰਘ ਸਹਿ ਸੰਪਾਦਕ : ਡਾ.ਗੁਰਬਚਨ ਸਿੰਘ**
**ਸੰਪਾਦਕੀ ਬੋਰਡ : ਸ.ਹਰੀ ਸਿੰਘ ਕੁਵੈਤ ਵਾਲੇ, ਸ.ਗੁਲਜਾਰ ਸਿੰਘ**


## ਤਤਕਰਾ


| | | |
|---|---|---|
| 1. ਬਿਨੁ ਸਬਦੈ ਜਗੁ ਭੁਲਾ ਫਿਰੈ | ਡਾ.ਪਰਮਜੀਤ ਸਿੰਘ | 03 |
| 2. ਵਹਿਮ-ਭਰਮ | ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ | 12 |
| 3. ਭਗਤ ਕਬੀਰ ਜੀ ਦੀ ਬਾਣੀ ਵਿੱਚ ਨਾਮ ਦੀ ਮਹਿਮਾ | ਸ.ਗੁਲਜਾਰ ਸਿੰਘ | 23 |
| 4. ਚੌਂਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ | ਡਾ.ਗੁਰਬਚਨ ਸਿੰਘ | 28 |
| 5. ਜੋ ਤੁਧੁ ਭਾਵੈ ਸਾਈ ਭਲੀ ਕਾਰ | ਸ.ਹਰੀ ਸਿੰਘ ਕੁਵੈਤ ਵਾਲੇ | 33 |
| 6. ਖਬਰਾਵਲੀ | ਸੰਪਾਦਕ | 35 |



ਨੋਟ : ਪਰਚੇ ਵਿਚ ਛਪੇ ਲੇਖਾਂ ਵਿਚ ਲੇਖਕਾਂ ਦੇ ਆਪਣੇ ਵਿਚਾਰ ਹਨ। ਬੇਸ਼ਕ ਸਾਰੇ ਲੇਖ ਪੂਰੀ ਛਾਣ-ਬੀਨ ਤੋਂ ਬਾਅਦ ਛਾਪੇ ਜਾਂਦੇ ਹਨ, ਪਰ ਫੇਰ ਵੀ ਸੰਪਾਦਕੀ ਬੋਰਡ ਦਾ ਇਨ੍ਹਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ ।



ਪ੍ਰਿੰਟਰ ਅਤੇ ਪਬਲਿਸ਼ਰ **ਡਾ.ਪਰਮਜੀਤ ਸਿੰਘ ਨੇ "ਗੁਰਬਾਣੀ ਇਸੁ ਜਗ ਮਹਿ ਚਾਨਣੁ"** ਪ੍ਰਚਾਰ ਤੇ ਪ੍ਰਸਾਰ ਸੰਸਥਾ ਵਾਸਤੇ ਮਜੈਸਟਿਕ ਪ੍ਰਿੰਟਿੰਗ ਪ੍ਰੈਸ, ਮੋਹਾਲੀ ਤੋਂ ਛਪਵਾ ਕੇ ਸੰਸਥਾ ਦੇ ਦਫਤਰ ਭਵਨ ਨੰ.6, ਫੇਜ਼-3-ਏ, ਮੋਹਾਲੀ (ਪੰਜਾਬ) ਤੋਂ ਪ੍ਰਕਾਸ਼ਿਤ ਕੀਤਾ।

# ਬਿਨੁ ਸਬਦੈ ਜਗੁ ਭੂਲਾ ਫਿਰੈ

ਵਿਆਖਿਆਕਾਰ ਡਾ.ਪਰਮਜੀਤ ਸਿੰਘ, ਮੋ. 87259-00257

**ਸ਼ਬਦ ਕੀ ਹੈ ?**

ਅੱਖਰਾਂ ਦੇ ਜੋੜ ਤੋਂ ਸ਼ਬਦਾਂ ਦੀ ਬਣਤਰ ਹੁੰਦੀ ਹੈ ਅਤੇ ਸ਼ਬਦਾਂ ਰਾਹੀਂ ਮਨੁੱਖ ਆਪਣੇ ਭਾਵਾਂ ਦਾ ਪ੍ਰਗਟਾਅ ਕਰਦਾ ਹੈ। ਇਨ੍ਹਾਂ ਅੱਖਰਾਂ ਤੇ ਸ਼ਬਦਾਂ ਦੇ ਸਹਾਰੇ ਹੀ ਮਨੁੱਖ ਨੇ ਅੱਜ ਤੱਕ ਤਰੱਕੀ ਦੀਆਂ ਪੁਲਾਘਾਂ ਪੁੱਟੀਆਂ ਹਨ। ਸਮੁੱਚਾ ਸਾਹਿਤ ਇਨ੍ਹਾਂ ਸ਼ਬਦਾਂ ਦੀ ਬਰਕਤ ਨਾਲ ਹੀ ਹੋਂਦ ਵਿੱਚ ਆਇਆ ਹੈ। ਜਿਸ ਤੋਂ ਫਿਰ ਹਰ ਤਰ੍ਹਾਂ ਦਾ ਗਿਆਨ ਪ੍ਰਗਟ ਹੋਇਆ। ਇਸ ਲਈ ਸੰਸਾਰ ਦੇ ਸਾਰੇ ਗਿਆਨ ਦਾ ਸਾਧਨ ਇਹ ਸ਼ਬਦ ਹੀ ਹਨ। ਸਭ ਧਰਮਾਂ ਦੇ ਗ੍ਰੰਥ ਵੀ ਇਨ੍ਹਾਂ ਸ਼ਬਦਾਂ ਦੇ ਸਹਾਰੇ ਹੀ ਲੋਕਾਂ ਤੱਕ ਰੱਬ ਦਾ ਸੰਦੇਸ਼ ਪੁਚਾ ਸਕੇ ਹਨ।

**ਸ਼ਬਦ ਦੀ ਮਹੱਤਤਾ :**

ਸ਼ਬਦ ਹੀ ਮਨੁੱਖਤਾ ਵਿੱਚ ਸੰਜੋਗ ਤੇ ਵਿਜੋਗ ਦਾ ਸਾਧਨ ਬਣਦੇ ਹਨ। ਜਰਾ ਸੋਚੀਏ ਜੇ ਅੱਖਰ/ਸ਼ਬਦ ਹੋਂਦ ਵਿੱਚ ਹੀ ਨਾ ਆਉਂਦੇ ਤਾਂ ਮਨੁੱਖ ਦੀ ਹੋਂਦ ਕਿਹੋ ਜਿਹੀ ਹੁੰਦੀ। ਮਨੁੱਖਤਾ ਦੀ ਹੋਂਦ ਤੇ ਵਿਕਾਸ ਇਨ੍ਹਾਂ ਅੱਖਰਾਂ/ਸ਼ਬਦਾਂ ਦੇ ਕਰਕੇ ਹੀ ਵਿਕਸਿਤ ਹੋ ਸਕਿਆ ਹੈ। ਗੁਰੂ ਨਾਨਕ ਦੇਵ ਜੀ ਜਪੁ ਜੀ ਸਾਹਿਬ ਵਿੱਚ ਫੁਰਮਾਨ ਕਰਦੇ ਹਨ :

ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥

ਤਾਂ ਸਮਝ ਆਉਂਦੀ ਹੈ ਕਿ ਪਰਮੇਸਰ ਨੇ ਆਪਣੇ ਇੱਕ ਕਵਾਉ (ਜੋ ਸ਼ਬਦ ਦਾ ਰੂਪ ਹੈ) ਰਾਹੀਂ ਸਮੁੱਚੇ ਸੰਸਾਰ ਦੀ ਰਚਨਾ ਕਰ ਦਿੱਤੀ। ਗੁਰੂ ਅਮਰਦਾਸ ਜੀ ਮਾਝ ਰਾਗ ਅੰਦਰ ਫੁਰਮਾਂਦੇ ਹਨ :

ਉਤਪਤਿ ਪਰਲਉ ਸਬਦੇ ਹੋਵੈ ॥ ਸਬਦੇ ਹੀ ਫਿਰਿ ਓਪਤਿ ਹੋਵੈ ॥ (ਅੰਗ-੧੧੭)

ਪਰਮੇਸ਼ਰ ਦੇ ਸ਼ਬਦ ਰਾਹੀਂ ਹੀ ਸੰਸਾਰ ਦੀ ਉਤਪਤੀ ਅਤੇ ਵਿਨਾਸ ਹੁੰਦਾ ਹੈ ਅਤੇ ਫਿਰ ਉਸ ਦੀ ਰਚਨਾ ਵੀ ਉਸੇ ਤੋਂ ਹੀ ਹੁੰਦੀ ਹੈ।

ਹਉਮੈ ਦਾ ਨਿਵਾਰਣ : ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਅੰਦਰ ਮਨੁੱਖ ਦਾ ਸੰਸਾਰ ਵਿੱਚ ਆਉਣ ਜਾਣ ਅਥਵਾ ਜਨਮ ਮਰਨ ਦਾ ਕਾਰਨ ਹਉਮੈਂ ਨੂੰ ਮੰਨਦੇ ਹਨ। ਆਪ ਜੀ ਦਾ ਫੁਰਮਾਨ ਹੈ :

ਹਉ ਵਿਚਿ ਆਇਆ ਹਉ ਵਿਚਿ ਗਇਆ ॥
ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥ (ਅੰਗ-੪੬੬)

ਮਨੁੱਖ ਦੀ ਹਉਮੈਂ ਜੋ ਉਸਦੇ ਜਨਮ ਤੇ ਮਰਨ ਦਾ ਕਾਰਨ ਬਣਦੀ ਹੈ, ਉਸ ਨੂੰ ਮਾਰਨ

ਦਾ ਸਾਧਨ ਵੀ ਸ਼ਬਦ ਹੈ। ਆਸਾ ਰਾਗ ਅੰਦਰ ਗੁਰੂ ਅਮਰਦਾਸ ਜੀ ਫੁਰਮਾਂਦੇ ਹਨ :

**ਸਬਦਿ ਸੁਣੀਐ ਸਬਦਿ ਬੁਝੀਐ ਸਚਿ ਰਹੈ ਲਿਵ ਲਾਇ ॥**
**ਸਬਦੇ ਹਉਮੈ ਮਾਰੀਐ ਸਚੈ ਮਹਲਿ ਸੁਖੁ ਪਾਇ ॥੪॥** (ਅੰਗ-੪੨੯)

ਗੁਰੂ ਦੇ ਸ਼ਬਦ ਰਾਹੀਂ ਹਰਿ ਨਾਮ ਸੁਣਿਆ ਜਾ ਸਕਦਾ ਹੈ। ਸ਼ਬਦ ਦੇ ਰਾਹੀਂ ਸਾਰੀ ਜੀਵਨ ਰਾਹ ਸਮਝਿਆ ਜਾ ਸਕਦਾ ਹੈ। ਜੋ ਮਨੁੱਖ ਗੁਰੂ ਸ਼ਬਦ ਵਿੱਚ ਚਿੱਤ ਜੋੜਦਾ ਹੈ, ਉਹ ਸਦਾ ਥਿਰ ਹਰੀ ਵਿੱਚ ਸੁਰਤ ਜੋੜੀ ਰੱਖਦਾ ਹੈ। ਸ਼ਬਦ ਦੀ ਬਰਕਤ ਨਾਲ ਹੀ ਅੰਦਰੋਂ ਹਉਮੈ ਮੁਕਾਈ ਜਾ ਸਕਦੀ ਹੈ ਅਤੇ ਸਦਾ ਥਿਰ ਰਹਿਣ ਵਾਲੇ ਹਰੀ ਦੇ ਚਰਨਾਂ ਵਿੱਚ ਅਨੰਦ ਮਾਣੀਦਾ ਹੈ :

**ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥**
**ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥**
**ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥੭॥** (ਅੰਗ-੬੭)

ਗੁਰੂ ਦੇ ਸ਼ਬਦ ਤੋਂ ਬਿਨਾਂ ਜੀਵ ਅੰਦਰ ਪ੍ਰਭੂ ਚਰਨਾਂ ਦੀ ਪ੍ਰੀਤ ਪੈਦਾ ਨਹੀਂ ਹੁੰਦੀ ਤੇ ਪ੍ਰੀਤ ਬਿਨ੍ਹਾਂ ਪਰਮਾਤਮਾ ਦੀ ਭਗਤ ਨਹੀਂ ਹੋ ਸਕਦੀ ਅਤੇ ਜੀਵ ਪਰਮਾਤਮਾ ਦੇ ਦਰ ਤੇ ਪ੍ਰਵਾਨ ਨਹੀਂ ਚੜ੍ਹਦਾ। ਗੁਰੂ ਦੇ ਸ਼ਬਦ ਰਾਹੀਂ ਹੀ ਹਉਮੈਂ ਮਾਰੀ ਜਾ ਸਕਦੀ ਹੈ ਅਤੇ ਗੁਰੂ ਦੇ ਸ਼ਬਦ ਰਾਹੀਂ ਹੀ ਮਾਇਆ ਦੀ ਪ੍ਰੇਰਨਾ ਤੋਂ ਪੈਦਾ ਹੋਈ ਭਟਕਣਾ ਦੂਰ ਹੁੰਦੀ ਹੈ। ਗੁਰੂ ਦੀ ਸ਼ਰਨ ਵਿੱਚ ਪੈਣ ਨਾਲ ਪਰਮਾਤਮਾ ਦਾ ਨਾਮ ਰੂਪੀ ਕੀਮਤੀ ਪਦਾਰਥ ਮਿਲਦਾ ਹੈ, ਜਿਸ ਨਾਲ ਆਤਮਿਕ ਅਡੋਲਤਾ ਵਿੱਚ ਅਤੇ ਪ੍ਰਭੂ ਪ੍ਰੇਮ ਵਿੱਚ ਸਮਾਈ ਹੁੰਦੀ ਹੈ।

**ਸਬਦਿ ਰਤੀਆ ਸੋਹਾਗਣੀ ਤਿਨ ਵਿਚਹੁ ਹਉਮੈ ਜਾਇ ॥**
**ਸਦਾ ਪਿਰੁ ਰਾਵਹਿ ਆਪਣਾ ਤਿਨਾ ਸੁਖੇ ਸੁਖਿ ਵਿਹਾਇ ॥੨॥** (ਅੰਗ-੩੮)

ਜਿਹੜੀਆਂ ਜੀਵ ਇਸਤ੍ਰੀਆਂ ਗੁਰੂ ਦੇ ਸ਼ਬਦ ਵਿੱਚ ਰੰਗੀਆ ਰਹਿੰਦੀਆਂ ਹਨ ਉਹ ਭਾਗਾਂ ਵਾਲੀਆਂ ਹਨ। ਸ਼ਬਦ ਦੀ ਬਰਕਤ ਨਾਲ ਉਨ੍ਹਾਂ ਦੇ ਅੰਦਰੋਂ ਹਉਮੈ ਦੂਰ ਹੋ ਜਾਂਦੀ ਹੈ। ਉਹ ਸਦਾ ਆਪਣੇ ਪ੍ਰਭੂ ਪਤੀ ਨਾਲ ਮਿਲੀਆਂ ਰਹਿੰਦੀਆਂ ਹਨ, ਉਨ੍ਹਾਂ ਦਾ ਜੀਵਨ ਨਿਰੋਲ ਸੁੱਖਾਂ ਵਿੱਚ ਹੀ ਬੀਤਦਾ ਹੈ।

**ਸੇ ਸਹੀਆ ਸੋਹਾਗਣੀ ਜਿਨ ਕਉ ਨਦਰਿ ਕਰੇਇ ॥ ਖਸਮੁ ਪਛਾਣਹਿ ਆਪਣਾ**
**ਤਨੁ ਮਨੁ ਆਗੈ ਦੇਇ ॥ ਘਰਿ ਵਰੁ ਪਾਇਆ ਆਪਣਾ ਹਉਮੈ ਦੂਰਿ ਕਰੇਇ ॥**
**ਨਾਨਕ ਸੋਭਾਵੰਤੀਆ ਸੋਹਾਗਣੀ ਅਨਦਿਨੁ ਭਗਤਿ ਕਰੇਇ ॥੪॥** (ਅੰਗ-੩੮)

ਗੁਰੂ ਦੇ ਸ਼ਬਦ ਵਿੱਚ ਰੰਗੀਆਂ ਰਹਿਣ ਵਾਲੀਆਂ ਜੀਵ ਇਸਤ੍ਰੀਆਂ ਭਾਗਾਂ ਵਾਲੀਆਂ ਹੋ ਜਾਂਦੀਆਂ ਹਨ। ਉਨ੍ਹਾਂ ਉੱਪਰ ਪ੍ਰਭੂ ਆਪ ਮੇਹਰ ਦੀ ਨਦਰ ਕਰਦਾ ਹੈ। ਉਹ ਆਪਣੇ

ਖਸਮ ਪਤੀ ਪ੍ਰਭੂ ਨਾਲ ਸਾਂਝ ਪਾ ਲੈਂਦੀਆਂ ਹਨ ਅਤੇ ਆਪਣੇ ਅੰਦਰੋਂ ਹਉਮੈ ਨੂੰ ਦੂਰ ਕਰ ਲੈਦੀਆਂ ਹਨ। ਉਹ ਆਪਣਾ ਤਨ ਮਨ ਉਸ ਅੱਗੇ ਸੌਂਪ ਕੇ ਉਸ ਨੂੰ ਪ੍ਰਾਪਤ ਕਰ ਲੈਂਦੀਆਂ ਹਨ, ਅਜਿਹੀਆਂ ਸੁਹਾਗਵਤੀ ਜੀਵ ਇਸਤ੍ਰੀਆਂ ਦਿਨ ਰਾਤ ਪ੍ਰਭੂ ਦੀ ਭਗਤੀ ਵਿੱਚ ਲੱਗੀਆਂ ਰਹਿੰਦੀਆਂ ਹਨ।

**ਮਾਇਆ :** ਸਾਡਾ ਮਨ ਮਾਇਆ ਦੇ ਤਿੰਨਾਂ ਗੁਣਾਂ ਵਿੱਚ ਲੱਗ ਕੇ ਅਤਿ ਮੈਲਾ ਹੋ ਚੁੱਕਾ ਹੈ। ਪਤਾ ਨਹੀਂ ਕਿਤਨੇ ਜਨਮਾਂ ਦੀ ਮੈਲ ਇਸ ਮਨ ਉੱਤੇ ਇਕੱਠੀ ਹੋ ਚੁੱਕੀ ਹੈ :

**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥**
**ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥** (ਅੰਗ-੬੫੧)

ਇਸ ਮਨ ਦੀ ਮੈਲ ਨੂੰ ਧੋ ਕੇ ਨਿਰਮਲ ਕਰਨ ਦਾ ਸਾਧਨ ਵੀ ਗੁਰੂ ਅਮਰਦਾਸ ਜੀ ਸ਼ਬਦ ਹੀ ਦੱਸਦੇ ਹਨ :

**ਸਬਦੁ ਚੀਨਿ ਮਨੁ ਨਿਰਮਲੁ ਹੋਵੈ ਤਾ ਹਰਿ ਕੇ ਗੁਣ ਗਾਵੈ ॥**
**ਗੁਰਮਤੀ ਆਪੈ ਆਪੁ ਪਛਾਣੈ ਤਾ ਨਿਜ ਘਰਿ ਵਾਸਾ ਪਾਵੈ ॥੨॥** (ਅੰਗ-੫੬੫)

ਸ਼ਬਦ ਦੀ ਪਹਿਚਾਣ ਕਰਕੇ ਉਸ ਦਾ ਅਧਿਐਨ ਕਰਨ ਨਾਲ ਮਨ ਨਿਰਮਲ ਹੋ ਜਾਂਦਾ ਹੈ ਅਤੇ ਜੀਵ ਪਰਮੇਸ਼ਰ ਦੇ ਗੁਣ ਗਾਉਣ ਲੱਗਦਾ ਹੈ। ਗੁਰੂ ਦੀ ਮਤਿ ਲੈ ਕੇ ਆਪਣੇ ਆਪਣੇ ਨੂੰ ਪਛਾਣ ਲਵੇ ਤਾਂ ਉਸ ਦਾ ਵਾਸਾ ਪਰਮਾਤਮਾ ਦੇ ਦਰ ਤੇ ਹੋ ਸਕਦਾ ਹੈ। ਸੋਰਠਿ ਰਾਗ ਅੰਦਰ ਤੀਜੇ ਪਾਤਸ਼ਾਹ ਇਸ ਸੰਬੰਧੀ ਫੁਰਮਾਨ ਕਰਦੇ ਹੋਏ ਆਖਦੇ ਹਨ :

**ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ ॥ ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ ॥ ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ ॥੨॥ ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥ ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ ॥** (ਅੰਗ-੬੦੧)

ਜੋ ਮਨੁੱਖ ਗੁਰੂ ਦੇ ਸ਼ਬਦ ਦੁਆਰਾ ਮਰਦੇ ਹਨ, ਉਨ੍ਹਾਂ ਦੀ ਮੁੜ ਕੇ ਮੌਤ ਨਹੀਂ ਹੁੰਦੀ। ਉਹ ਅਮਰ ਹੋ ਜਾਂਦੇ ਹਨ। ਆਪਾ ਭਾਵ ਮਿਟਾਏ ਤੋਂ ਬਿਨ੍ਹਾਂ ਕਿਵੇਂ ਕੋਈ ਪੂਰਨ ਪਦ ਮੁਕਤੀ ਪ੍ਰਾਪਤ ਕਰ ਸਕਦਾ ਹੈ। ਜਦੋਂ ਸ਼ਬਦ ਮਨ ਵਿੱਚ ਵੱਸ ਜਾਂਦਾ ਹੈ ਤਾਂ ਮਨ ਤੇ ਤਨ ਦੋਵੇਂ ਨਿਰਮਲ ਹੋ ਜਾਂਦੇ ਹਨ। ਸ਼ਬਦ ਗੁਰੂ ਹੈ, ਦਾਤਾਂ ਦੇਣ ਵਾਲਾ ਦਾਤਾ ਹੈ। ਜਿਸ ਦਾ ਮਨ ਸ਼ਬਦ ਵਿੱਚ ਰੰਗਿਆ ਜਾਂਦਾ ਹੈ, ਉਹ ਹਰੀ ਵਿੱਚ ਸਮਾ ਜਾਂਦਾ ਹੈ। ਪਰੰਤੂ ਜੋ ਜੀਵ ਸ਼ਬਦ ਦੀ ਸਾਰ ਨਹੀਂ ਜਾਣਦੇ, ਅੰਨੇ ਤੇ ਬੋਲੇ ਹਨ। ਉਨ੍ਹਾਂ ਦਾ ਸੰਸਾਰ ਤੇ ਆਉਣਾ ਵਿਅਰਥ ਹੈ ਕਿਉਂਕਿ ਉਨ੍ਹਾਂ ਨੇ ਹਰੀ ਰਸ ਨਾਮ ਨੂੰ ਪ੍ਰਾਪਤ ਨਹੀਂ ਕੀਤਾ ਅਤੇ ਆਪਣਾ ਜਨਮ ਅਜਾਈਂ ਗੁਆ

ਦਿੱਤਾ। ਉਹ ਮੁੜ ਮੁੜ ਕੇ ਜੰਮਦੇ ਤੇ ਮਰਦੇ ਹਨ।

**ਗੁਰੂ ਦੀ ਪ੍ਰਾਪਤੀ** : ਸ਼ਬਦ ਹੀ ਗੁਰੂ ਦੀ ਪ੍ਰਾਪਤੀ ਦਾ ਇੱਕੋ ਇੱਕ ਸਾਧਨ ਹੈ :

**ਸਬਦਿ ਮੰਨਿਐ ਗੁਰੁ ਪਾਈਐ ਵਿਚਹੁ ਆਪੁ ਗਵਾਇ ॥**
**ਅਨਦਿਨੁ ਭਗਤਿ ਕਰੇ ਸਦਾ ਸਾਚੇ ਕੀ ਲਿਵ ਲਾਇ ॥**
**ਨਾਮੁ ਪਦਾਰਥੁ ਮਨਿ ਵਸਿਆ ਨਾਨਕ ਸਹਜਿ ਸਮਾਇ ॥੪॥** (ਅੰਗ-੩੪)

ਜਦੋਂ ਗੁਰੂ ਦੇ ਸ਼ਬਦ ਨਾਲ ਮਨ ਮੰਨ ਗਿਆ ਤਾਂ (ਅਕਾਲ ਪੁਰਖ) ਇਸ ਨਾਲ ਮਨ ਵਿਚੋਂ ਹਉਮੈਂ ਨੂੰ ਹਟਾ ਕੇ ਗੁਰੂ ਦੇ ਉਪਦੇਸ਼ ਅਥਵਾ ਨਾਮ ਦੀ ਸਾਧਨਾ ਕਰਨ ਲੱਗੀਦਾ ਹੈ। ਇਉਂ ਦਿਨ ਰਾਤੀਂ ਜੇ ਕੋਈ ਪਰਮਾਤਮਾ ਦੇ ਨਾਮ ਨਾਲ ਲਿਵ ਲਾ ਕੇ ਭਗਤੀ ਕਰੇ ਤਾਂ ਜਾਣੋ ਨਾਮ ਪਦਾਰਥ ਉਸ ਦੇ ਮਨ ਵਿੱਚ ਵੱਸ ਗਿਆ ਹੈ। ਉਹ ਸਹਿਜ ਅਵਸਥਾ ਅਥਵਾ ਆਤਮਿਕ ਅਡੋਲਤਾ ਵਿੱਚ ਟਿੱਕ ਗਿਆ ਹੈ ਅਤੇ ਗੁਰੂ (ਪਰਮਾਤਮਾ) ਨੂੰ ਪਾ ਲਿਆ।

**ਦੁੱਖਾਂ ਤੋਂ ਨਿਵਿਰਤੀ** : ਇਹ ਸੰਸਾਰ ਦੁੱਖਾਂ ਦਾ ਘਰ ਹੈ ਪਰ ਇਨ੍ਹਾਂ ਦੁੱਖਾਂ ਦੇ ਨਿਵਾਰਨਹਾਰਾ ਵੀ ਕੇਵਲ ਤੇ ਕੇਵਲ ਸ਼ਬਦ ਹੀ ਹੈ। ਇਸ ਲਈ ਮਾਰੂ ਰਾਗ ਅੰਦਰ ਗੁਰੂ ਅਮਰਦਾਸ ਜੀ ਫੁਰਮਾਂਦੇ ਹਨ :

**ਸੋ ਸਚੁ ਸੇਵਿਹੁ ਸਿਰਜਣਹਾਰਾ ॥ ਸਬਦੇ ਦੂਖ ਨਿਵਾਰਣਹਾਰਾ ॥**
**ਅਗਮੁ ਅਗੋਚਰੁ ਕੀਮਤਿ ਨਹੀ ਪਾਈ ਆਪੇ ਅਗਮ ਅਥਾਹਾ ਹੇ॥**(ਅੰਗ-੧੦੫੩)

ਹੇ ਭਾਈ ! ਉਹ ਸਦਾ ਕਾਇਮ ਰਹਿਣ ਵਾਲੇ ਕਰਤਾਰ ਜੋ ਸਭ ਦੀ ਸਿਰਜਣਾ ਕਰਨ ਵਾਲਾ ਹੈ, ਉਸ ਦਾ ਸਿਮਰਨ ਕਰਿਆ ਕਰੋ। ਉਹ ਗੁਰੂ ਦੇ ਸ਼ਬਦ ਵਿੱਚ ਜੋੜ ਕੇ ਜੀਵਾਂ ਦੇ ਸਾਰੇ ਦੁੱਖ ਦੂਰ ਕਰਨ ਦੀ ਸਮਰੱਥਾ ਵਾਲਾ ਹੈ। ਉਹ ਅਪਹੁੰਚ, ਅਗੋਚਰ ਅਤੇ ਅਥਾਹ ਪ੍ਰਭੂ ਆਪਣੇ ਵਰਗਾ ਆਪ ਹੀ ਹੈ, ਉਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ।

**ਸ਼ਬਦ ਹੀ ਗੁਰੂ ਹੈ ਅਤੇ ਭਵਸਾਗਰ ਤੋਂ ਤਾਰਨਹਾਰ ਹੈ** : ਸ਼ਬਦ ਹੀ ਸਾਡਾ ਗੁਰੂ ਤੇ ਪੀਰ ਹੈ ਅਤੇ ਇਹੀ ਸੰਸਾਰ ਦੇ ਜੀਵਾਂ ਨੂੰ ਭਵਸਾਗਰ ਤੋਂ ਪਾਰ ਕਰਨ ਦਾ ਸਾਧਨ ਹੈ।

ਜਦੋਂ ਸਿੱਧਾਂ ਨੇ ਗੁਰੂ ਜੀ ਨੂੰ ਪੁੱਛਿਆ ਕਿ ਤੁਹਾਡਾ ਗੁਰੂ ਕੌਣ ਹੈ ਅਤੇ ਤੁਸੀਂ ਕਿਸ ਦੇ ਚੇਲੇ ਹੋ ਤਾਂ ਗੁਰੂ ਜੀ ਨੇ ਉੱਤਰ ਦਿੱਤਾ :

**ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥**(ਅੰਗ-੯੪੩)

ਇਸੇ ਭਾਵ ਨੂੰ ਹੋਰ ਸਪਸ਼ਟ ਕਰਦੇ ਹੋਏ ਗੁਰੂ ਨਾਨਕ ਦੇਵ ਜੀ ਸੋਰਠਿ ਰਾਗ ਦੇ ਇੱਕ ਸ਼ਬਦ ਰਾਹੀਂ ਸਮਝਾਉਂਦੇ ਹਨ :

**ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥**
**ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ॥੮॥** (ਅੰਗ-੬੩੫)

ਸਤਿਗੁਰੂ ਦੇ ਸ਼ਬਦ ਰਾਹੀਂ ਸੰਸਾਰ ਸਮੁੰਦਰ ਤਰੀਦਾ ਹੈ, ਜੋ ਤਰਿਆ ਹੈ, ਉਹ ਇਥੇ ਉੱਥੇ ਲੋਕ ਪ੍ਰਲੋਕ ਵਿੱਚ ਹਰ ਥਾਂ ਇੱਕ ਪ੍ਰਭੂ ਨੂੰ ਹੀ ਵਿਆਪਕ ਜਾਣਦਾ ਹੈ। ਹੇ ਨਾਨਕ ! ਜੋ ਮਨੁੱਖ ਇਸ ਸ਼ਬਦ ਨੂੰ ਪਛਾਣ ਲੈਂਦਾ ਹੈ, ਉਹ ਸ਼ਬਦ ਨਾਲ ਡੂੰਘੀ ਸਾਂਝ ਪਾ ਲੈਂਦਾ ਹੈ, ਉਸ ਉੱਤੇ ਮਾਇਆ ਦਾ ਪ੍ਰਭਾਵ ਨਹੀਂ ਰਹਿੰਦਾ ਤੇ ਉਸ ਦਾ ਆਪਣਾ ਵੱਖਰਾ ਚਿਹਨ ਤੇ ਵਰਨ ਨਹੀਂ ਰਹਿ ਜਾਂਦਾ ਅਤੇ ਉਸ ਦੇ ਅੰਦਰੋਂ ਮੇਰ ਤੇਰ ਮੁੱਕ ਜਾਂਦੀ ਹੈ।

**ਸਬਦਿ ਗੁਰੂ ਭਵਸਾਗਰੁ ਤਰੀਐ ਇਤ ਉਤ ਏਕੋ ਜਾਣੈ ॥**
**ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥** (ਅੰਗ-੯੪੪)

ਸੋਰਠਿ ਦੀ ਵਾਰ ਵਿੱਚ ਗੁਰੂ ਰਾਮਦਾਸ ਜੀ ਦੇ ਬਚਨ ਹਨ :

**ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥**
**ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥** (ਅੰਗ-੬੫੦)

**ਗੁਰੂ ਸ਼ਬਦ ਦੀ ਵੀਚਾਰ :**

ਅਸਲ ਵਿੱਚ ਉਹੀ ਮਨੁੱਖ ਪੜ੍ਹਿਆ ਹੋਇਆ ਤੇ ਸਿਆਣਾ ਪੰਡਿਤ ਹੈ ਜੋ ਸਤਿਗੁਰੂ ਦੇ ਸ਼ਬਦ ਉਪਰ ਵਿਚਾਰ ਕਰਦਾ ਹੈ। ਜੋ ਆਪਣੇ ਮਨ ਨੂੰ ਖੋਜਦਾ ਹੈ ਅਤੇ ਆਪਣੇ ਅੰਦਰੋਂ ਹਰੀ ਨੂੰ ਲੱਭ ਲੈਂਦਾ ਹੈ।

**ਗੁਰੂ ਨਾਲ ਸਾਂਝ ਪਾਉਣ ਦਾ ਰਸਤਾ ਹੈ ਸ਼ਬਦ :**

**ਹਰਿ ਜੀਉ ਤੁਧੁ ਨੋ ਸਦਾ ਸਾਲਾਹੀ ਪਿਆਰੇ ਜਿਚਰੁ ਘਟ ਅੰਤਰਿ ਹੈ ਸਾਸਾ ॥**
**ਇਕੁ ਪਲੁ ਖਿਨੁ ਵਿਸਰਹਿ ਤੂ ਸੁਆਮੀ ਜਾਣਉ ਬਰਸ ਪਚਾਸਾ ॥**
**ਹਮ ਮੂੜ ਮੁਗਧ ਸਦਾ ਸੇ ਭਾਈ ਗੁਰ ਕੈ ਸਬਦਿ ਪ੍ਰਗਾਸਾ ॥੧॥** (ਅੰਗ-੬੦੧)

ਹੇ ਭਾਈ ! ਅਸੀਂ ਸਦਾ ਮੂਰਖ ਅਤੇ ਕਮਲੇ ਹਾਂ, ਗੁਰੂ ਦਾ ਸ਼ਬਦ ਹੀ ਸਾਡੇ ਹਿਰਦੇ ਅੰਦਰ ਪ੍ਰਕਾਸ਼ ਦੇਂਦਾ ਹੈ, ਕਿ ਹੇ ਹਰੀ, ਤੇਰੀ ਸਦਾ ਲਈ ਸਿਫ਼ਤ ਕਰਦੇ ਰਹੀਏ ਜਿਤਨਾ ਚਿਰ ਸਰੀਰ ਵਿੱਚ ਸੁਆਸ ਚਲਦੇ ਹਨ। ਇਸ ਲਈ ਜੇਕਰ ਤੂੰ ਇੱਕ ਖਿਨ ਪਲ ਲਈ ਵੀ ਵਿਸਰ ਜਾਵੇ ਤਾਂ ਮਾਨੋਂ ਪੰਜਾਹ ਸਾਲ ਤੈਥੋਂ ਦੂਰ ਹੋ ਗਏ ਹਾਂ।

**ਗੁਰਮੁਖਿ ਭਗਤਿ ਕਰਹਿ ਪ੍ਰਭ ਭਾਵਹਿ ਅਨਦਿਨੁ ਨਾਮੁ ਵਖਾਣੇ ॥**
**ਭਗਤਾ ਕੀ ਸਾਰ ਕਰਹਿ ਆਪਿ ਰਾਖਹਿ ਜੋ ਤੇਰੈ ਮਨਿ ਭਾਣੇ ॥**
**ਤੂ ਗੁਣਦਾਤਾ ਸਬਦਿ ਪਛਾਤਾ ਗੁਣ ਕਹਿ ਗੁਣੀ ਸਮਾਣੇ ॥੧॥** (ਅੰਗ-੬੦੧)

ਗੁਰੂ ਦੀ ਸਰਨ ਪੈਣ ਨਾਲ ਮਨੁੱਖ ਹਰ ਵੇਲੇ ਪਰਮਾਤਮਾ ਦਾ ਨਾਮ ਸਿਮਰ ਕੇ ਭਗਤੀ ਕਰਦੇ ਹਨ ਅਤੇ ਪਰਮਾਤਮਾ ਨੂੰ ਪਿਆਰੇ ਲੱਗਦੇ ਹਨ। ਪ੍ਰਭੂ ਉਨ੍ਹਾਂ ਦੀ ਸੰਭਾਲ ਆਪ ਕਰਦਾ

ਹੈ, ਆਪ ਉਨ੍ਹਾਂ ਦੀ ਰੱਖਿਆ ਕਰਦਾ ਹੈ ਕਿਉਂਕਿ ਉਹ ਪ੍ਰਭੂ ਨੂੰ ਮਨ ਵਿੱਚ ਪਿਆਰੇ ਲੱਗਦੇ ਹਨ। ਗੁਰੂ ਦੇ ਸ਼ਬਦ ਰਾਹੀਂ ਉਹ ਪਰਮਾਤਮਾ ਨਾਲ ਸਾਂਝ ਪਾ ਲੈਂਦੇ ਹਨ ਅਤੇ ਗੁਣਾਂ ਦੇ ਮਾਲਕ ਪ੍ਰਭੂ ਵਿੱਚ ਸਦਾ ਲੀਨ ਰਹਿੰਦੇ ਹਨ।

**ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥**
**ਸਦਾ ਪਿਰੁ ਨਿਹਚਲੁ ਪਾਈਐ ਨਾ ਓਹੁ ਮਰੈ ਨ ਜਾਇ ॥**
**ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ ॥੨॥** (ਅੰਗ-੬੬)

ਜਿਹੜੀਆਂ ਜੀਵ ਇਸਤ੍ਰੀਆਂ ਗੁਰੂ ਦੇ ਪ੍ਰੇਮ ਵਿੱਚ ਟਿਕ ਕੇ ਜੀਵਨ ਰਾਹ ਤੇ ਚਲਦੀਆਂ ਹਨ, ਉਹ ਪਰਮਾਤਮਾ ਪਤੀ ਦੀ ਪ੍ਰਸੰਨਤਾ ਨੂੰ ਪ੍ਰਾਪਤ ਕਰਕੇ ਸੁਹਾਗ ਵਾਲੀਆਂ ਬਣ ਜਾਂਦੀਆਂ ਹਨ। ਉਨ੍ਹਾਂ ਦਾ ਸੁਹਾਗ ਸਦਾ ਕਾਇਮ ਰਹਿੰਦਾ ਹੈ। ਗੁਰੂ ਦੀ ਸ਼ਰਨ ਪਿਆਂ ਉਨ੍ਹਾਂ ਨੂੰ ਪ੍ਰਭੂ ਪਤੀ ਮਿਲ ਪੈਂਦਾ ਹੈ ਜੋ ਸਦਾ ਅਟੱਲ ਹੈ, ਨਾ ਕਦੇ ਜੰਮਦਾ ਹੈ ਤੇ ਨਾ ਮਰਦਾ ਹੈ। ਜਿਹੜਾ ਜੀਵ ਇਸਤ੍ਰੀ ਗੁਰੂ ਦੇ ਸ਼ਬਦ ਰਾਹੀਂ ਉਸ ਪ੍ਰਭੂ ਵਿੱਚ ਮਿਲਦੀ ਹੈ, ਉਹ ਮੁੜ ਉਸ ਤੋਂ ਵਿਛੜਦੀ ਨਹੀਂ। ਉਹ ਸਦਾ ਪ੍ਰਭੂ ਪਤੀ ਦੀ ਗੋਦ ਵਿੱਚ ਸਮਾਈ ਰਹਿੰਦੀ ਹੈ।

**ਸ਼ਬਦ ਵਿੱਚ ਲੀਨਤਾ :** ਹਉਮੈ ਦੇ ਆਪਾ ਭਾਵ ਤੋਂ ਮਾਰ ਕੇ ਸ਼ਬਦ ਰਾਹੀਂ ਮਰਨ ਤੇ ਫਿਰ ਜਨਮ ਮਰਨ ਦੇ ਗੇੜ ਵਿੱਚ ਨਹੀਂ ਪੈਂਦਾ ਅਤੇ ਸ਼ਬਦ ਵਿੱਚ ਮਰ ਕੇ ਸਮਾਈ ਕਰਨ ਤੋਂ ਬਿਨ੍ਹਾਂ ਪੂਰਨ ਵੀ ਨਹੀਂ ਹੋਇਆ ਜਾ ਸਕਦਾ।

**ਸਬਦਿ ਮਰੈ ਫਿਰਿ ਮਰਣੁ ਨ ਹੋਇ ॥ ਬਿਨੁ ਮੂਏ ਕਿਉ ਪੂਰਾ ਹੋਇ ॥**(ਅੰਗ-੧੫੩)
**ਸਬਦਿ ਮਰੈ ਸੋਈ ਜਨੁ ਪੂਰਾ ॥ ਸਤਿਗੁਰੁ ਆਖਿ ਸੁਣਾਏ ਸੂਰਾ ॥**(ਅੰਗ-੧੦੪੬)

ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੁਆਰਾ ਮਰਦਾ ਹੈ, ਉਸ ਦੀ ਮੁੜ ਕੇ ਮੌਤ ਨਹੀਂ ਹੁੰਦੀ ਅਰਥਾਤ ਉਹ ਅਮਰ ਹੋ ਜਾਂਦਾ ਹੈ। ਆਪਾ ਭਾਵ ਤੋਂ ਮਰੇ ਬਿਨ੍ਹਾਂ ਕਿਵੇਂ ਕੋਈ ਪੂਰਨ ਪਦ ਨੂੰ ਪ੍ਰਾਪਤ ਕਰ ਸਕਦਾ ਹੈ।

**ਜੁਗਿ ਜੁਗਿ ਸਾਚਾ ਏਕੋ ਦਾਤਾ ॥ ਪੂਰੈ ਭਾਗਿ ਗੁਰ ਸਬਦੁ ਪਛਾਤਾ ॥**
**ਸਬਦਿ ਮਿਲੇ ਸੇ ਵਿਛੁੜੇ ਨਾਹੀ ਨਦਰੀ ਸਹਜਿ ਮਿਲਾਈ ਹੇ ॥** (ਅੰਗ-੧੦੪੬)

ਹਰੇਕ ਜੁੱਗ ਵਿੱਚ ਸੱਚਾ ਪਰਮੇਸਰ ਹੀ ਇਕੋ ਦਾਤਾ ਹੈ। ਪੂਰੇ ਭਾਗਾਂ ਕਰਕੇ ਹੀ ਜੀਵ ਨੇ ਗੁਰੂ ਦੇ ਸ਼ਬਦ ਨੂੰ ਪਛਾਣਿਆ ਹੈ। ਜਿਹੜੇ ਜੀਵ ਸ਼ਬਦ ਦੁਆਰਾ ਪ੍ਰਭੂ ਨਾਲ ਮਿਲੇ ਹਨ, ਉਹ ਕਦੇ ਵੀ ਪ੍ਰਭੂ ਨਾਲੋਂ ਨਹੀਂ ਵਿਛੜਦੇ ਹਨ। ਜਿਹੜੀ ਜੀਵ ਆਤਮਾ ਪ੍ਰਭੂ ਨੇ ਅਡੋਲ ਅਵਸਥਾ ਵਿੱਚ ਟਿਕਾ ਕੇ ਆਪਣੇ ਨਾਲ ਮਿਲਾਈ ਹੈ, ਉਹ ਆਪਣੀ ਮਿਹਰ ਦੀ ਨਜ਼ਰ ਕਰਕੇ ਹੀ ਮਿਲਾਈ ਹੈ।

ਸ਼ਬਦ ਦੀ ਇਤਨੀ ਮਹਿਮਾ ਜਾਨਣ ਪਿੱਛੋਂ ਮਨ ਵਿੱਚ ਪ੍ਰਸ਼ਨ ਉੱਠਦਾ ਹੈ ਕਿ ਇਸ

ਸ਼ਬਦ ਦਾ ਵਾਸ ਕਿੱਥੇ ਹੈ ? ਸਿੱਧਾਂ ਨੇ ਵੀ ਗੁਰੂ ਨਾਨਕ ਸਾਹਿਬ ਜੀ ਨੂੰ ਇਸ ਬਾਰੇ ਸੁਆਲ ਕੀਤਾ ਸੀ ਜੋ ਆਪ ਜੀ ਸਿੱਧ ਗੋਸਟਿ ਬਾਣੀ ਵਿੱਚ ਸਿੱਧਾਂ ਦੇ ਇਸ ਪ੍ਰਸ਼ਨ ਤੇ ਉਸ ਦਾ ਉੱਤਰ ਦਿੰਦੇ ਹੋਏ ਫੁਰਮਾਂਦੇ ਹਨ :

ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ ॥
ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨੁ ਅਧਾਰੋ ॥
ਬੋਲੈ ਖੇਲੈ ਅਸਥਿਰੁ ਹੋਵੈ ਕਿਉ ਕਰਿ ਅਲਖੁ ਲਖਾਏ ॥ (ਅੰਗ-੯੪੪)

ਸਤਿਗੁਰ ਜੀ ਦਾ ਉੱਤਰ ਹੈ :

ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥ ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ ॥ ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੁੋ ਮੰਨਿ ਵਸਾਏ॥ (ਅੰਗ-੯੪੪)

ਜਿਸ ਸ਼ਬਦ ਦੇ ਰਾਹੀਂ ਦੁਤਰ ਸਾਗਰ ਤਰੀਦਾ ਹੈ, ਉਸ ਸ਼ਬਦ ਨੂੰ ਇੱਕ ਰਸ ਸਥਾਨ (ਮਿਲਿਆ ਹੋਇਆ) ਹੈ ਅਰਥਾਤ ਉਹ ਸ਼ਬਦ ਹਰ ਥਾਂ ਭਰਪੂਰ ਹੈ। ਸ਼ਬਦ ਅਲੱਖ ਪ੍ਰਭੂ ਦਾ ਰੂਪ ਹੈ, ਮੈਂ ਜਿਧਰ ਵੇਖਦਾ ਹਾਂ, ਉਹ ਸ਼ਬਦ ਹੀ ਸ਼ਬਦ ਜਿਵੇਂ ਅਫੁਰ ਪ੍ਰਭੂ ਦਾ ਵਾਸ ਹਰ ਥਾਂ ਹੈ ਤਿਵੇਂ ਸ਼ਬਦ ਦਾ ਵਾਸ ਹਰ ਥਾਂ ਹੈ। ਸ਼ਬਦ ਉਹੀ ਹੈ ਜੋ ਸੰਪੂਰਨ ਸਤਿਆ ਧਾਰੀ ਪ੍ਰਭੂ ਹੈ ਅਰਥਾਤ ਪ੍ਰਭੂ ਤੇ ਪ੍ਰਭੂ ਦੀ ਸਿਫਤਿ ਦਾ ਸ਼ਬਦ ਇੱਕ ਹੀ ਹਨ।

**ਸ਼ਬਦ ਬਿਨ੍ਹਾਂ ਜੀਵਨ** : ਸੋਰਠਿ ਰਾਗ ਅੰਦਰ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥
ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ॥੮॥ (ਅੰਗ-੬੩੪)

ਜੋ ਜੀਵ ਜਗਤ ਦੇ ਮੂਲ ਪ੍ਰਭੂ ਦੀ ਸਿਫਤ ਸਾਲਾਹ ਕਰਦਾ ਹੈ। ਗੁਰੂ ਪੀਰ ਨੂੰ ਹਿਰਦੇ ਵਿੱਚ ਟਿਕਾ ਕੇ ਉਹ ਡੂੰਘੇ ਜਿਗਰੇ ਵਾਲਾ ਬਣ ਜਾਂਦਾ ਹੈ। ਗੁਰੂ ਸ਼ਬਦ ਤੋਂ ਖੁੰਝ ਕੇ ਜਗਤ ਮਾਇਆ ਦੇ ਮੋਹ ਵਿੱਚ ਕਮਲਾ ਹੋਇਆ ਫਿਰਦਾ ਹੈ ਪਰ ਪੂਰਨ ਤਿਆਗੀ ਮਨੁੱਖ ਅਡੋਲ ਅਵਸਥਾ ਵਿੱਚ ਟਿਕ ਕੇ ਚੰਗੇ ਭਾਗਾਂ ਵਾਲਾ ਬਣ ਜਾਂਦਾ ਹੈ। ਉਸ ਦਾ ਮਨ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਯਾਦ ਨੂੰ ਹੀ ਆਪਣਾ ਜੀਵਨ ਨਿਸ਼ਾਨਾ ਮੰਨਦਾ ਹੈ :

ਬਿਨੁ ਸਬਦੈ ਸੁਧੁ ਨ ਹੋਵਈ ਜੇ ਅਨੇਕ ਕਰੈ ਸੀਗਾਰ ॥
ਪਿਰ ਕੀ ਸਾਰ ਨ ਜਾਣਈ ਦੂਜੈ ਭਾਇ ਪਿਆਰੁ ॥
ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚਿ ਕੁਨਾਰਿ ॥੨॥ (ਅੰਗ-੬੫੧)

ਸਤਿਗੁਰੂ ਦੇ ਸ਼ਬਦ ਤੋਂ ਬਿਨ੍ਹਾਂ ਜੀਵ ਇਸਤ੍ਰੀ ਭਾਂਵੇ ਬੇਅੰਤ ਸ਼ਿੰਗਾਰ ਕਰੇ ਸ਼ੁੱਧ ਨਹੀਂ ਹੋ ਸਕਦੀ ਕਿਉਂਕਿ ਉਹ ਪਤੀ ਦੀ ਕਦਰ ਨਹੀਂ ਜਾਣਦੀ ਤੇ ਉਸ ਦੀ ਮਾਇਆ ਵਿੱਚ ਸੁਰਤ ਰਹਿੰਦੀ ਹੈ। ਹੇ ਨਾਨਕ ! ਇਹੋ ਜਿਹੀ ਇਸਤ੍ਰੀ ਮਾਨੋ ਖੋਟੀ ਤੇ ਭੈੜੇ ਲੱਛਣਾਂ ਵਾਲੀ ਹੁੰਦੀ ਹੈ ਤੇ ਨਾਰੀਆਂ ਵਿੱਚ ਉਹ ਭੈੜੀ ਨਾਰ ਕਹਾਉਂਦੀ ਹੈ :

ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥
ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ ॥
(ਅੰਗ-੬੦੧)

ਜੋ ਜੀਵ ਗੁਰੂ ਦੇ ਸ਼ਬਦ ਦੇ ਰਸ ਦੀ ਸਾਰ ਨਹੀਂ ਜਾਣਦੇ, ਉਹ ਗੁਰੂ ਜੀ ਅਨੁਸਾਰ ਅੰਨੇ ਤੇ ਬੋਲੇ ਹਨ, ਉਹ ਸੰਸਾਰ ਉੱਤੇ ਕਾਹਦੇ ਲਈ ਆਏ ਹਨ। ਉਨ੍ਹਾਂ ਦੇ ਸ਼ਬਦ ਰੂਪੀ ਨਾਮ ਦਾ ਰਸ ਨਹੀਂ ਪਾਇਆ ਤਾਂ ਸਮਝੋ ਉਨ੍ਹਾਂ ਨੇ ਆਪਣਾ ਜਨਮ ਵਿਅਰਥ ਹੀ ਗੁਆ ਲਿਆ, ਅਜਿਹੇ ਜੀਵ ਵਾਰ ਵਾਰ ਜਨਮਦੇ ਤੇ ਮਰਦੇ ਹਨ।

ਜੀਆ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ ॥ ਬਿਨੁ ਸਬਦੈ ਜਗਿ ਆਨ੍ੇਰੁ ਹੈ ਸਬਦੇ ਪਰਗਟੁ ਹੋਇ ॥ ਪੰਡਿਤ ਮੋਨੀ ਪੜਿ ਪੜਿ ਥਕੇ ਭੇਖ ਥਕੇ ਤਨੁ ਧੋਇ ॥ ਬਿਨੁ ਸਬਦੈ ਕਿਨੈ ਨ ਪਾਇਓ ਦੁਖੀਏ ਚਲੇ ਰੋਇ ॥ ਨਾਨਕ ਨਦਰੀ ਪਾਈਐ ਕਰਮਿ ਪਰਾਪਤਿ ਹੋਇ ॥੨॥ (ਅੰਗ-੧੨੫੦)

ਪ੍ਰਭੂ ਦੀ ਸਿਫਤ ਸਾਲਾਹ ਹੀ ਜੀਵਾਂ ਦੇ ਅੰਦਰ ਜਿੰਦਗੀ ਹੈ, ਇਹ ਸਿਫਤ ਸਾਲਾਹ ਦੇ ਰਾਹੀਂ ਖਸਮ ਪ੍ਰਭੂ ਨਾਲ ਜੀਵਾਂ ਦਾ ਮਿਲਾਪ ਹੁੰਦਾ ਹੈ। ਪ੍ਰਭੂ ਦੀ ਸਿਫਤ ਸਾਲਾਹ ਤੋਂ ਖੁੰਝ ਕੇ ਜਗਤ ਵਿੱਚ ਆਤਮਿਕ ਜੀਵਨ ਵਲੋਂ ਹਨੇਰਾ ਹੈ। ਸ਼ਬਦ ਦੇ ਰਾਹੀਂ ਹਨੇਰਾ ਦੂਰ ਹੋ ਕੇ ਆਤਮਿਕ ਜੀਵਨ ਦੀ ਸੂਝ ਦਾ ਚਾਨਣ ਹੁੰਦਾ ਹੈ।

ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥੧॥ (ਅੰਗ-੧੯)

ਗੁਰ-ਸ਼ਬਦ ਤੋਂ ਵਾਂਝਿਆਂ ਰਹਿ ਕੇ ਉਹ ਭਟਕਣਾ ਵਿੱਚ ਪਿਆ ਰਹਿੰਦਾ ਹੈ। ਦੁਬਿਧਾ ਵਿੱਚ ਪਏ ਮਨੁੱਖ ਦਾ ਗਿਆਨ ਇੰਦਰੀਆਂ ਦਾ ਸਾਰਾ ਪਰਿਵਾਰ ਮੋਹ ਤੇ ਸਮੁੰਦਰ ਵਿੱਚ ਡੋਬ ਦੇਂਦੀ ਹੈ। ਸੋਰਠਿ ਰਾਗ ਅੰਦਰ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :

ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ ॥ ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ ॥ ਨਾਮ ਧਨਿ ਮੁਖ ਉਜਲੇ ਹੋਏ ਹਰਿ ਪਾਇਆ ਸਚੁ ਸੋਇ ॥੧॥ ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥ ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ ॥ (ਅੰਗ-੬੦੦)

ਪ੍ਰਭੂ ਨੇ ਭਗਤੀ ਦਾ ਖਜ਼ਾਨਾ ਆਪਣਿਆਂ ਭਗਤਾਂ ਨੂੰ ਦਿੱਤਾ ਹੈ, ਉਹ ਖਜ਼ਾਨਾ ਹਰੀ ਦਾ ਨਾਮ ਧਨ ਹੈ ਜੋ ਸਦਾ ਥਿਰ ਰਹਿਣ ਵਾਲਾ ਹੈ। ਉਹ ਨਾ ਮੁੱਕਣ ਵਾਲਾ ਖਜਾਨਾ ਨਾਮ ਦਾ ਧਨ ਕਦੇ ਨਹੀਂ ਮੁੱਕਦਾ ਅਤੇ ਨਾ ਹੀ ਕਿਸੇ ਪਾਸੋਂ ਉਸ ਦੀ ਕੀਮਤ ਪਾਈ ਜਾ ਸਕਦੀ ਹੈ। ਨਾਮ ਧਨ ਨਾਲ ਜੀਵਾਂ ਦੇ ਮੂੰਹ ਰੱਬ ਦੀ ਦਰਗਾਹ ਵਿੱਚ ਉਜਲੇ ਹੋ ਗਏ ਹਨ ਅਤੇ ਉਨ੍ਹਾਂ ਨੇ ਸਦਾ ਰਹਿਣ ਵਾਲਾ ਹਰੀ ਪਾ ਲਿਆ ਹੈ। ਹੇ ਮੇਰੇ ਮਨ ! ਹਰੀ ਪਰਮਾਤਮਾ ਗੁਰੂ ਦੇ ਸ਼ਬਦ ਰਾਹੀਂ ਪਾਇਆ ਜਾ ਸਕਦਾ ਹੈ। ਸ਼ਬਦ ਤੋਂ ਬਿਨ੍ਹਾਂ ਸਾਰਾ ਸੰਸਾਰ ਭੁੱਲਾ ਫਿਰਦਾ ਹੈ ਜਿਸ ਕਰਕੇ ਰੱਬ ਦੀ ਦਰਗਾਹ ਵਿੱਚ ਸਜਾ ਮਿਲਦੀ ਹੈ।

ਅੰਤ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਇਨ੍ਹਾਂ ਬਚਨਾਂ ਦਾ ਹਵਾਲਾ ਦੇ ਕੇ ਲੇਖ ਦਾ ਅੰਤ ਕਰਦਾ ਹਾਂ, ਗੁਰੂ ਫੁਰਮਾਨ ਹੈ :

**ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥**
**ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥**
**ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥੭॥** (ਅੰਗ-੫੮)

ਜਿਹੜਾ ਮਨੁੱਖ ਗੁਰੂ ਦੇ ਸ਼ਬਦ ਵਿੱਚ ਜੁੜ ਕੇ ਵਿਕਾਰਾਂ ਵਲੋਂ ਮਰ ਜਾਂਦਾ ਹੈ, ਉਹ ਫਿਰ ਮਰ ਕੇ ਅਸਥਿਰ (ਅਮਰ) ਹੋ ਜਾਂਦਾ ਹੈ। ਵਿਕਾਰਾਂ ਦੇ ਟਾਕਰੇ ਤੇ ਤਕੜਾ ਹੋ ਜਾਂਦਾ ਹੈ, ਉਹ ਮਨੁੱਖ ਵਿਕਾਰਾਂ ਦੇ ਢਹੇ ਚੜ੍ਹ ਕੇ ਮੁੜ ਕੇ ਆਤਮਿਕ ਮੌਤੇ ਨਹੀਂ ਮਰਦਾ। ਗੁਰੂ ਦੇ ਸ਼ਬਦ ਦੇ ਰਾਹੀਂ ਹੀ ਇਹ ਆਤਮਿਕ ਜੀਵਨ ਮਿਲਦਾ ਹੈ। ਗੁਰੂ ਦੇ ਸ਼ਬਦ ਤੋਂ ਬਿਨ੍ਹਾਂ ਜਗਤ ਜੀਵਨ ਰਾਹ ਤੋਂ ਖੁੰਝਿਆ ਹੋਇਆ ਭਟਕਦਾ ਹੈ ਤੇ ਮੁੱੜ ਮੁੱੜ ਜਨਮ ਮਰਨ ਦੇ ਗੇੜ ਵਿੱਚ ਪਿਆ ਰਹਿੰਦਾ ਹੈ। ਸੋ ਸ਼ਬਦ ਤੋਂ ਟੁੱਟਿਆਂ ਦਾ ਜੀਵਨ ਵਿਅਰਥ ਹੀ ਬੀਤ ਜਾਂਦਾ ਹੈ ਤੇ ਅੰਤ ਉਨ੍ਹਾਂ ਨੂੰ ਪਛਤਾਉਣਾ ਹੀ ਪੈਂਦਾ ਹੈ।

ਗੁਰੂ ਦੇ ਸ਼ਬਦ ਰਾਹੀਂ ਹੀ ਮਨੁੱਖ ਦੇ ਅੰਦਰ ਨਾਮ ਸਿਮਰਨ ਪੈਦਾ ਹੁੰਦਾ ਹੈ। ਸ਼ਬਦ ਦੁਆਰਾ ਹਰੀ ਆਪਣਾ ਮਿਲਾਪ ਬਖਸ਼ਦਾ ਹੈ। ਗੁਰੂ ਸ਼ਬਦ ਤੋਂ ਬਿਨ੍ਹਾਂ ਸੰਸਾਰ ਪਾਗ਼ਲ ਹੈ ਅਤੇ ਅਮੋਲਕ ਜਨਮ ਵਿਅਰਥ ਗੁਆ ਰਿਹਾ ਹੈ। ਨਾਨਕ ਗੁਰੂ ਜੀ ਫੁਰਮਾਂਦੇ ਹਨ ਕਿ ਗੁਰੂ ਦਾ ਸ਼ਬਦ ਹੀ ਇੱਕੋ ਅੰਮ੍ਰਿਤ ਅਰਥਾਤ ਅਮਰ ਜੀਵਨ ਦੇਣ ਵਾਲਾ ਹੈ ਜੋ ਗੁਰੂ ਦੁਆਰਾ ਪਾਇਆ ਜਾਂਦਾ ਹੈ :

**ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥**
**ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥**
**ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥੨॥** (ਅੰਗ-੬੪੪)

-੦-੦-੦-

# ਵਹਿਮ-ਭਰਮ

-ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ

ਭਰਮ ਕੀ ਚੀਜ਼ ਹੈ? ਮਨ ਦੇ ਅੰਦਰ ਇੱਕ ਛਾਇਆ ਜਿਹੀ ਬਣ ਜਾਣੀ, ਉਸ ਵਸਤੂ ਦੀ, ਜਾਂ ਘਟਨਾ ਦੀ, ਜੋ ਅਸਲ ਵਿੱਚ ਹੈ ਨਹੀਂ, ਨਾ ਹੋਈ ਹੈ ਅਤੇ ਨਾ ਹੀ ਹੋਣ ਵਾਲੀ ਹੈ। ਬਸ ਇੱਕ ਵਹਿਮ ਹੈ। ਗੁਰਬਾਣੀ ਅੰਦਰ ਭਰਮ ਦੇ ਲੱਛਣ ਇਸ ਤਰਾਂ ਲਿਖੇ ਹਨ, ਭਗਤ ਰਵਿਦਾਸ ਜੀ ਸੋਰਠਿ ਰਾਗ ਵਿੱਚ ਫੁਰਮਾਉਂਦੇ ਹਨ :-

ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥
ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥ (ਅੰਗ-੬੫੭)

ਹੇ ਵਾਹਿਗੁਰੂ ਜੀ ! ਭਰਮ ਦੀ ਬਾਬਤ ਕੀ ਕਹੀਏ, ਇਹ ਤਾਂ ਐਸੀ ਚੀਜ਼ ਹੈ, ਕਿ ਇਸ ਵਿੱਚ ਪੈ ਕੇ ਚੀਜ਼ਾਂ ਨੂੰ ਜੈਸਾ ਸਮਝੀਦਾ ਹੈ, ਅਸਲ ਵਿੱਚ ਉਸ ਤਰਾਂ ਨਹੀਂ ਹੁੰਦਾ:-

ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥ (ਅੰਗ-੬੫੭)

ਇੱਕ ਰਾਜਾ ਹੋਵੇ, ਉਸ ਨੂੰ ਰਾਤ ਨੂੰ ਸੌਣ ਵੇਲੇ ਸੁਪਨਾ ਆਵੇ ਕਿ ਉਹ ਭਿਖਾਰੀ ਹੈ ਅਤੇ ਦਰ ਦਰ ਤੇ ਮੰਗਦਾ ਫਿਰਦਾ ਹੈ, ਹੈ ਤੇ ਉਹ ਰਾਜਾ ਪਰ ਸੁਪਨੇ ਵਿੱਚ ਭਿਖਾਰੀ ਹੋ ਗਿਆ, ਉਸ ਨੂੰ ਬੜਾ ਦੁੱਖ ਹੁੰਦਾ ਹੈ, ਰਾਜ ਸੀ, ਚਲਾ ਗਿਆ, ਰਾਜ ਤੋਂ ਵਿਛੜ ਗਿਆ, ਦੁੱਖੀ ਹੁੰਦਾ ਹੈ। ਸੋ ਵਹਿਮ ਦੇ ਵਿੱਚ ਬੰਦੇ ਦੀ ਐਸੀ ਦਸ਼ਾ ਹੁੰਦੀ ਹੈ :-

ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥
ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੨॥
(ਅੰਗ-੬੫੮)

ਰਾਜ :-ਇਥੇ ਰਾਜ ਦਾ ਭਾਵ ਰੱਸੀ ਤੋਂ ਹੈ। ਜਿਸ ਤਰਾਂ ਹਨੇਰੇ ਵਿੱਚ ਰੱਸੀ ਪਈ ਹੋਵੇ, ਉਸ ਦੀ ਕਹਾਣੀ ਹੈ ਕਿ ਕਈ ਉਸ ਨੂੰ ਸਰਪ ਸਮਝਣ ਲੱਗ ਜਾਂਦੇ ਹਨ। ਜਿਵੇਂ ਬਹੁਤ ਸਾਰੇ ਸੋਨੇ ਦੇ ਕੜੇ ਹੋਣ ਅਤੇ ਬੰਦਾ ਇਹ ਸਮਝੇ ਕਿ ਇਹ ਸੋਨਾ ਨਹੀਂ ਅੱਡ ਅੱਡ ਵਸਤੂ ਹੈ। ਪਰ ਹੈ ਤਾਂ ਸੋਨਾ ਹੀ। ਭਗਤ ਜੀ ਆਖਦੇ ਹਨ ਕਿ ਹੁਣ ਮੇਰਾ ਭਰਮ ਦੂਰ ਹੋ ਗਿਆ ਹੈ। ਮੈਨੂੰ ਹੁਣ ਸਮਝ ਆ ਗਈ ਹੈ ਕਿ ਭਰਮ, ਭਰਮ ਹੀ ਹੁੰਦਾ ਹੈ, ਅਸਲੀਅਤ ਨਹੀਂ।

ਇਕ ਭਰਮ ਆਮ ਮਨੁੱਖਤਾ ਵਿੱਚ ਪਾਇਆ ਜਾਂਦਾ ਹੈ ਕਿ ਜੇਕਰ ਕਿਸੇ ਨੂੰ ਕੋਈ

ਸਰੀਰਕ ਜਾਂ ਮਾਨਸਿਕ ਰੋਗ ਲੱਗ ਜਾਵੇ ਤਾਂ ਵਹਿਮੀ ਬੰਦੇ/ਬੀਬੀਆਂ ਆਖਣਗੇ, ਇਸ ਨੂੰ ਕਿਸੇ ਨੇ ਕੁਝ ਕਰ ਦਿੱਤਾ ਹੈ, ਕਿਸੇ ਨੇ ਇਸ ਉੱਤੇ ਕੋਈ ਚੀਜ਼ ਛੱਡ ਦਿੱਤੀ ਹੈ, ਜੋ ਇਸ ਨੂੰ ਤੰਗ ਕਰਦੀ ਹੈ। ਸ੍ਰੀ ਗੁਰੂ ਰਾਮਦਾਸ ਜੀ 'ਗਉੜੀ ਬੈਰਾਗਣਿ' ਰਾਗ ਵਿੱਚ ਸਮਝਾਉਂਦੇ ਹਨ :-

**ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ ਸਭ ਕਰੇ ਕਰਾਇਆ ॥ ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ ॥ ਐਸਾ ਹਰਿ ਨਾਮੁ ਮਨਿ ਚਿਤਿ ਨਿਤਿ ਧਿਆਵਹੁ ਜਨ ਨਾਨਕ ਜੋ ਅੰਤੀ ਅਉਸਰਿ ਲਏ ਛਡਾਇਆ ॥** (ਅੰਗ-੧੬੮)

ਸਤਿਗੁਰੂ ਜੀ, ਸਾਨੂੰ ਭਾਈ ਕਹਿ ਕੇ ਸੰਬੋਧਨ ਕਰਦੇ ਹਨ ਅਤੇ ਆਖਦੇ ਹਨ, ਹੇ ਭਾਈ ! ਤੁਸੀਂ ਇਹ ਬਿਲਕੁਲ ਨਾ ਸਮਝੋ ਕਿ ਕਿਸੇ ਬੰਦਿਆਂ ਦੇ ਕੁੱਝ ਹੱਥ ਹੈ ਕਿ ਉਹ ਕੁਝ ਕਰ ਸਕਦੇ ਹਨ। ਬੰਦੇ ਦੇ ਹੱਥ ਕੁਝ ਨਹੀਂ ਹੈ ਕਿ ਉਹ ਕਿਸੇ ਨੂੰ ਦੁੱਖ ਸੁੱਖ ਦੇਵੇ, ਉਸ ਉੱਤੇ ਜਾਦੂ ਟੂਣਾ ਕਰਕੇ ਕੋਈ ਰੋਗ ਉਸਨੂੰ ਲਗਾਵੇ, ਸਰਾਸਰ ਭੁੱਲ ਹੈ। ਦੁੱਖ ਸੁੱਖ ਤਾਂ ਪਰਮਾਤਮਾ ਦੇ ਹੱਥ ਹਨ। ਜੋ ਕੁਝ ਹੋ ਰਿਹਾ ਹੈ, ਵਾਪਰ ਰਿਹਾ ਹੈ, ਸਭ ਵਾਹਿਗੁਰੂ ਜੀ ਵਰਤਾ ਰਹੇ ਹਨ।

ਜਰਾ ਤੋਂ ਭਾਵ ਹੈ ਬੁਢੇਪਾ, ਜੋ ਕੋਈ ਨਹੀਂ ਦੇ ਸਕਦਾ, ਉਮਰ ਦੇ ਲਿਹਾਜ ਨਾਲ ਇਹ ਆਉਣਾ ਹੀ ਆਉਣਾ ਹੈ। ਕਿਸੇ ਦਾ ਲਗਾਇਆ ਹੋਇਆ ਨਹੀਂ ਆ ਸਕਦਾ, ਇਹ ਤਾਂ ਇਕ ਕੁਦਰਤੀ ਅਸੂਲ ਹੈ, ਕੁਦਰਤੀ ਵਿਧਾਨ ਹੈ।

ਅਗਲੀ ਗੱਲ ਹੈ, ਮੌਤ। ਮੌਤ, ਕਿਸੇ ਦਾ ਮਾਰਿਆ ਹੋਇਆ ਬੰਦਾ ਨਹੀਂ ਮਰਦਾ। ਜਦੋਂ ਕੁਦਰਤੀ ਵਿਧਾਨ ਦੇ ਮੁਤਾਬਿਕ ਪਰਮਾਤਮਾ ਵੱਲੋਂ ਦਿੱਤੇ ਗਏ ਸਵਾਸ ਪੂਰੇ ਹੋ ਜਾਣ, ਮੌਤ ਨੇ ਅਵੱਸ਼ ਆਉਣਾ ਹੈ, ਇਹ ਭਾਣੇ ਵਿੱਚ ਆਉਂਦੀ ਹੈ, "ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥" "ਮਰਣੁ ਲਿਖਾਇ ਮੰਡਲ ਮਹਿ ਆਏ ॥" ਇਸ ਸੰਸਾਰ ਨੂੰ ਮ੍ਰਿਤ ਮੰਡਲ ਆਖਿਆ ਜਾਂਦਾ ਹੈ, ਭਾਵ ਮੌਤ ਦਾ ਥਾਂ। ਸੋ ਇੱਥੇ ਜੋ ਆਉਂਦਾ ਹੈ ਉਸਦੀ ਮੌਤ ਪਹਿਲਾਂ ਹੀ ਲਿਖੀ ਜਾਂਦੀ ਹੈ।

ਤਾਪ : ਦੁੱਖ-ਰੋਗ ਨੂੰ ਕਿਹਾ ਜਾਂਦਾ ਹੈ। ਆਮ ਤੌਰ ਤੇ ਅਸੀਂ ਕਹਿੰਦੇ ਹਾਂ ਕਿ ਉਸ ਬੰਦੇ ਨੂੰ ਤਾਪ ਚੜ੍ਹ ਗਿਆ। ਆਮ ਬੋਲੀ ਵਿੱਚ ਬੁਖਾਰ ਨੂੰ ਹੀ ਤਾਪ ਕਿਹਾ ਜਾਂਦਾ ਹੈ, ਪਰ ਅਸਲੀਅਤ ਵਿੱਚ ਤਾਪ, ਰੋਗ ਹੁੰਦਾ ਹੈ ਅਤੇ ਰੋਗ ਤਿੰਨ ਕਿਸਮ ਦੇ ਮੰਨੇ ਜਾਂਦੇ ਹਨ ; ੧.ਆਧਿ, ੨.ਬਿਆਧਿ, ੩.ਉਪਾਧਿ।

ਆਧਿ; ਮਾਨਸਿਕ ਰੋਗ ਹੁੰਦਾ ਹੈ, ਬਿਆਧਿ; ਸਰੀਰਕ ਰੋਗ ਅਤੇ ਉਪਾਧਿ; ਇਹ

ਕਈ ਕੁਦਰਤੀ ਆਫਤਾਂ ਦੇ ਨਾਲ ਆਉਂਦੇ ਹਨ, ਜਿਵੇਂ ਕਿ ਹੜ੍ਹ, ਭੁਚਾਲ, ਕਾਲ ਪੈ ਜਾਣਾ ਆਦਿ ਆਦਿ। ਸੋ ਸਤਿਗੁਰੂ ਜੀ ਦਾ ਬਚਨ ਹੈ ਕਿ ਇਹ ਸਾਡੇ, ਅਪਣੇ ਕੀਤੇ ਹੋਏ ਕਰਮਾਂ ਕਰਕੇ ਆਉਂਦੇ ਹਨ। ਇਨ੍ਹਾਂ ਲਈ ਕਿਸੇ ਨੂੰ ਦੋਸ਼ ਦੇਣਾ ਸਰਾਸਰ ਗਲਤ ਹੈ। 'ਪਟੀ' ਬਾਣੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ :-

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥ (ਅੰਗ-੪੩੩)

ਭਾਈ ! ਕਿਸੇ ਦੇ ਸਿਰ ਤੇ ਦੋਸ਼ ਨਾ ਮੜ੍ਹ, ਇਹ ਦੁੱਖ ਸੁੱਖ ਜੋ ਤੂੰ ਭੋਗ ਰਿਹਾ ਹੈਂ, ਇਹ ਤਾਂ ਤੇਰੇ ਅਪਣੇ ਕੀਤੇ ਹੋਏ ਕਰਮਾਂ ਦਾ ਫਲ ਹੈ। ਐਵੇਂ ਦੂਜਿਆਂ ਤੇ ਵਹਿਮ ਨਾ ਕਰ ਅਤੇ ਇਹ ਨਾ ਆਖ ਕਿ ਕਿਸੇ ਨੇ ਤੈਨੂੰ ਦੁੱਖ ਦਿੱਤਾ ਹੈ। ਸਾਪ ਦਾ ਅਰਥ ਹੈ ਸਰਾਪ। ਕਿਸੇ ਨੂੰ ਸਰਾਪ ਦੇਣਾ। ਆਮ ਤੌਰ ਤੇ ਅਸੀਂ ਕਹਿ ਦਿੰਦੇ ਹਾਂ ਕਿ ਫਲਾਂ ਬੰਦੇ ਨੇ ਇਸ ਨੂੰ ਸਰਾਪ ਦੇ ਦਿੱਤਾ ਅਤੇ ਇਸ ਦੇ ਕੰਮ ਕਾਜ ਵਿੱਚ ਘਾਟਾ ਪੈ ਗਿਆ ਜਾਂ ਇਹ ਜੀਵਨ ਵਿੱਚ ਢਹਿੰਦੀ ਕਲਾ ਵਲ ਜਾ ਰਿਹਾ ਹੈ। ਪਰ ਗੁਰਬਾਣੀ ਅਨੁਸਾਰ ਕੋਈ ਵੀ ਕਿਸੇ ਨੂੰ ਸਰਾਪ ਦੇ ਕੇ ਕਿਸੇ ਦਾ ਕੁਝ ਨਹੀਂ ਵਿਗਾੜ ਸਕਦਾ।

ਸਿਰਤਿ ਵੀ ਰੋਗ ਦਾ ਨਾਂ ਹੈ। ਅੱਧੇ ਸਿਰ ਦੀ ਪੀੜ ਆਦਿ।

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਇਹ ਸਭ ਚੀਜਾਂ ਵਾਹਿਗੁਰੂ ਜੀ ਦੇ ਵੱਸ ਵਿੱਚ ਹਨ, ਕਿਸੇ ਵੱਲੋਂ ਲਗਾਈਆਂ ਹੋਈਆਂ ਨਹੀਂ ਲੱਗਦੀਆਂ, ਵਾਹਿਗੁਰੂ ਨੂੰ ਜੋ ਭਾਵੇ ਸੋ ਹੁੰਦਾ ਹੈ। ਸੋ ਗੁਰੂ ਉਪਦੇਸ਼ ਹੈ ਕਿ ਵਾਹਿਗੁਰੂ ਦਾ ਨਾਮ ਮਨ ਚਿੱਤ ਤੋਂ ਸਦਾ ਧਿਆਈਐ, ਜੋ ਵਾਹਿਗੁਰੂ ਜੀ ਸਾਨੂੰ ਇਨ੍ਹਾਂ ਦੁੱਖਾਂ ਕਲੇਸ਼ਾਂ ਤੋਂ ਛੁਟਕਾਰਾ ਦੁਆਉਣ ਦੇ ਸਮਰੱਥ ਹਨ ਅਤੇ ਅੰਤ ਵਿੱਚ ਆਪ ਹੀ ਬਹੁੜੀ ਕਰਦੇ ਹਨ।

ਦਿਨਾਂ ਦਾ ਵਹਿਮ ਤਾਂ ਆਮ ਕੀਤਾ ਜਾਂਦਾ ਹੈ। ਕਦੇ ਕਹਿੰਦੇ ਹਨ ਸ਼ਨੀਵਾਰ ਠੀਕ ਨਹੀਂ, ਕਦੇ ਕਹਿਣਗੇ, ਸੋਮ, ਮੰਗਲ ਠੀਕ ਨਹੀਂ। ਕੰਮ ਕਾਜ ਦੇ ਕਰਨ ਵਿੱਚ ਇਹ ਬਹੁਤੀ ਵੀਚਾਰ ਕੀਤੀ ਜਾਂਦੀ ਹੈ। ਭਲਾ ਦੱਸੋ ਤਾਂ ਸ਼ਨੀਚਰਵਾਰ ਨੂੰ ਵੀ ਬੱਚੇ ਜੰਮਦੇ ਹਨ ਅਤੇ ਮੰਗਲਵਾਰ ਨੂੰ ਵੀ ਜੰਮਦੇ ਹਨ, ਕੀ ਉਨ੍ਹਾਂ ਬੱਚਿਆਂ ਨੂੰ ਆਪਾਂ ਸਵੀਕਾਰ ਨਹੀਂ ਕਰਾਂਗੇ? ਮੰਗਲਵਾਰ ਦਾ ਤਾਂ ਬਹੁਤਾ ਹੀ ਵਹਿਮ ਕੀਤਾ ਜਾਂਦਾ ਹੈ। ਇਹ ਸ਼ਗਨ-ਅਪਸ਼ਗਨ, ਫਜ਼ੂਲ ਹਨ। ਪਰਮਾਤਮਾ ਦੇ ਕੀਤੇ ਸਾਰੇ ਦਿਨ ਇਕੋ ਜਿਹੇ ਹਨ। ਗੁਰੂ ਫੁਰਮਾਨ ਹੈ :-

ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ ॥

ਚਰਣ ਕਮਲ ਗੁਰਿ ਧਨੁ ਦੀਆ ਮਿਲਿਆ ਨਿਥਾਵੇ ਥਾਉ ॥ (ਅੰਗ-੪੮)

ਜੇਕਰ ਨਾਮ ਜਪਦੇ ਹਾਂ ਤਾਂ ਸਾਸਤ੍ਰਾਂ ਦੇ ਕਰਮ ਕਾਂਡ ਅਤੇ ਸ਼ਗਨ-ਅਪਸ਼ਗਨ ਸਾਰੇ

ਨਾਮ ਦੇ ਅੰਦਰ ਆ ਜਾਂਦੇ ਹਨ, ਭਾਵ ਸ਼ਗਨ-ਅਪਸ਼ਗਨ ਕੋਈ ਨਹੀਂ ਲੱਗਦੇ। ਗੁਰਸਿੱਖ ਦਿਨਾਂ ਦੇ, ਮਹੂਰਤਾਂ ਦੇ, ਸਮੇਂ ਦੇ ਸ਼ਗਨ-ਅਪਸ਼ਗਨ ਨਹੀਂ ਮੰਨਦਾ। ਗੁਰੂ ਨੇ ਅਪਣੇ ਚਰਨਾਂ ਦੀ ਪ੍ਰੀਤੀ ਬਖਸ਼ੀ ਹੈ ਅਤੇ ਅਪਣੇ ਚਰਨਾਂ ਵਿੱਚ ਨਿਥਾਵੇ ਨੂੰ ਥਾਂ ਦਿੱਤੀ ਹੈ :-

**ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ ॥** (ਅੰਗ-੪੮)

ਸਤਿਗੁਰੂ ਨੇ ਅੱਠ ਪਹਰ ਹੀ ਨਾਮ ਦੀ ਸੱਚੀ ਪੂੰਜੀ ਅਤੇ ਸਰਬ-ਸੰਤੋਖ ਬਖਸ਼ਿਆ ਹੈ। ਸੋ ਨਾਮ ਜਪ ਕੇ ਹਰ ਤਰ੍ਹਾਂ ਤੋਂ ਤ੍ਰਿਪਤ ਰਹਿੰਦੇ ਹਾਂ।

ਵਾਰਾਂ ਦੇ ਸਬੰਧ ਵਿੱਚ 'ਵਾਰ ਸਤ' ਬਾਣੀ ਵਿੱਚ ਸ੍ਰੀ ਗੁਰੂ ਅਮਰਦਾਸ ਜੀ, ਤੀਜੇ ਪਾਤਸ਼ਾਹ ਸ਼ਨੀਵਾਰ ਨੂੰ ਸਾਹਮਣੇ ਰੱਖ ਕੇ ਆਖਦੇ ਹਨ :-

**ਛਨਿਛਰਵਾਰਿ ਸਉਣ ਸਾਸਤ ਬੀਚਾਰੁ ॥ ਹਉਮੈ ਮੇਰਾ ਭਰਮੈ ਸੰਸਾਰੁ ॥**
**ਮਨਮੁਖੁ ਅੰਧਾ ਦੂਜੈ ਭਾਇ ॥ ਜਮ ਦਰਿ ਬਾਧਾ ਚੋਟਾ ਖਾਇ ॥** (ਅੰਗ-੮੪੧)

ਸ਼ਨੀਵਾਰ ਨੂੰ ਸ਼ਾਸ਼ਤਰਾਂ ਵਲੋਂ ਪਾਏ ਗਏ ਭਰਮ-ਭੁਲੇਖਿਆਂ ਦੇ ਅਨੁਸਾਰ ਪ੍ਰਾਣੀ ਸ਼ਗਨ ਅਪਸ਼ਗਨ ਦੀ ਵੀਚਾਰ ਕਰਦਾ ਹੈ। ਕਿਹੜਾ ਕਰਮ ਤੇ ਕਿਹੜਾ ਦਿਨ ਚੰਗਾ ਹੈ, ਇਹ ਨਿਰਾ ਭਰਮ ਹੈ ਅਤੇ ਹਉਮੈ ਹੰਕਾਰ ਵਿੱਚ ਫਸੇ ਮਨੁੱਖ ਦੇ ਕੰਮ ਹਨ। ਪ੍ਰਾਣੀ ਇੱਕ ਵਾਹਿਗੁਰੂ ਜੀ ਨੂੰ ਛੱਡ ਕੇ ਅੰਧਿਆਰਾ, ਅਗਿਆਨੀ ਹੋ ਕੇ ਵਹਿਮ ਭਰਮ ਕਰਦਾ ਹੈ ਅਤੇ ਜਮਾਂ ਦੀਆਂ ਚੋਟਾਂ ਖਾਂਦਾ ਹੈ। ਚਾਹੀਦਾ ਤਾਂ ਹੈ ਕਿ ਸਤਿਗੁਰੂ ਦੀ ਸ਼ਰਨ ਵਿੱਚ ਆ ਜਾਵੇ, ਜਿੱਥੋਂ ਸਦਾ ਸੁੱਖ ਮਿਲਦਾ ਹੈ। ਸਤਿਗੁਰੂ ਦੀ ਸ਼ਰਨ ਵਿੱਚ ਆ ਕੇ ਕੇਵਲ ਇੱਕ ਵਾਹਿਗੁਰੂ ਦਾ ਓਟ ਆਸਰਾ ਤਕਾਵੇ ਅਤੇ ਵਾਹਿਗੁਰੂ ਦਾ ਨਾਮ ਜਪੇ। ਸਦਾ ਸੁੱਖ ਪ੍ਰਾਪਤ ਹੋਵੇਗਾ।

ਜੋ ਪ੍ਰਾਣੀ ਵਾਰਾਂ, ਥਿੱਤਾਂ ਦਾ ਧਿਆਨ ਰੱਖ ਕੇ, ਅਪਣੇ ਕੰਮ ਕਾਜ ਕਰਦਾ ਹੈ, ਜਾਂ ਥਿੱਤਾਂ ਵਾਰਾਂ ਨੂੰ ਮਨਾਉਂਦਾ ਹੈ, ਸਤਿਗੁਰੂ ਜੀ ਉਸਨੂੰ ਮੂਰਖਾਂ ਦਾ ਮੂਰਖ, ਅਨਪੜ੍ਹ, ਗੰਵਾਰ ਆਖਦੇ ਹਨ। ਗੁਰੂ ਵਾਕ ਹਨ :-

**ਆਪੇ ਪੂਰਾ ਕਰੇ ਸੁ ਹੋਇ ॥ ਏਹਿ ਥਿਤੀ ਵਾਰ ਦੂਜਾ ਦੋਇ ॥**
**ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥**
**ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥ ਇਕਤੁ ਨਾਮਿ ਸਦਾ ਰਹਿਆ ਸਮਾਇ॥**
(ਅੰਗ-੮੪੩੯)

ਸਤਿਗੁਰੂ ਆਖਦੇ ਹਨ ਕਿ ਕਰਣ ਕਰਾਵਨਹਾਰ ਪ੍ਰਭੂ ਆਪ ਹੈ। ਪ੍ਰਭੂ ਜੋ ਕੁਝ ਸੰਸਾਰ ਵਿੱਚ ਕਰਨਾ ਚਾਹੁੰਦਾ ਹੈ, ਉਹੋ ਹੁੰਦਾ ਹੈ। ਥਿੱਤੀ-ਵਾਰ ਵੀ ਉਸ ਦੇ ਹੁਕਮ ਵਿੱਚ ਹੀ ਚਲਦੇ ਹਨ। ਜੇਕਰ ਕੋਈ ਦਿਨਾਂ ਨੂੰ, ਥਿੱਤਾਂ (ਏਕਮ-ਦੂਜ, ਇਕਾਦਸੀ, ਦੁਆਸਦੀ ਆਦਿ) ਨੂੰ

ਮਨਾਉਂਦਾ ਹੈ। ਵਹਿਮ ਭਰਮ ਵਿੱਚ ਪੈ ਕੇ ਕਰਮ ਕਾਂਡ ਕਰਦਾ ਹੈ ਤਾਂ ਇਹ ਦੂਜਾ ਭਾਉ (ਪਿਆਰ) ਅਤੇ ਭੈ ਹੈ।

ਵਾਹਿਗੁਰੂ ਜੀ ਨੂੰ ਛੱਡ ਕੇ ਫੋਕੇ ਪਾਸੇ, ਦੂਜੇ ਪਾਸੇ ਬੰਦਾ ਲਗਦਾ ਹੈ। ਸਤਿਗੁਰੂ ਤੋਂ ਬਗੈਰ ਜੋ ਵੀ ਕਰਮ ਕਾਂਡ ਕੀਤੇ ਜਾਂਦੇ ਹਨ, ਸਭ ਅੰਧ-ਗੁਬਾਰ, ਘੁੱਪ ਅੰਧੇਰੇ ਵਿੱਚ ਕੀਤੇ ਜਾਂਦੇ ਹਨ, ਜੋ ਜੀਵਨ ਨੂੰ ਬੇਅਰਥ ਗਵਾਉਂਦੇ ਹਨ। ਚਾਹੀਦਾ ਤਾਂ ਇਹ ਹੈ ਕਿ ਪ੍ਰਾਣੀ ਗੁਰੂ ਪਾਸੋਂ ਇਨ੍ਹਾਂ ਸਾਰੀਆਂ ਗੱਲਾਂ ਦੀ ਸੋਝੀ ਲਵੇ ਅਤੇ ਕੇਵਲ ਇੱਕ ਨਾਮ ਨਾਲ ਸਦਾ ਜੁੜਿਆ ਰਹੇ, ਮੂਰਖ ਨਾ ਬਣਿਆ ਰਹੇ ਅਤੇ ਅਪਣਾ ਜੀਵਨ ਫੋਕੇ ਕਰਮ ਕਾਂਡ ਵਿੱਚ ਹੀ ਬਤੀਤ ਨਾ ਕਰਦਾ ਰਹੇ।

ਕਈ ਲੋਕੀਂ 'ਚੌਂਕਾ' (ਭੋਜਨ ਪਕਾਉਂਣ ਦੀ ਥਾਂ) ਨੂੰ ਪਵਿੱਤ੍ਰ ਰੱਖਣ ਲਈ 'ਕਾਰ' ਕਢਦੇ ਹਨ। ਗੋਬਰ ਨਾਲ ਲੇਪਨ ਕਰਦੇ ਹਨ, ਹੋਰ ਕਈ ਕਿਸਮ ਦੀਆਂ ਧੂਪ ਬੱਤੀਆਂ ਕਰਦੇ ਹਨ। ਗੁਰੂ-ਗੁਰਬਾਣੀ ਅਨੁਸਾਰ ਚੌਂਕੇ ਦੀ ਸੁੱਚਮ ਤੋਂ ਸੁਰਤ ਦੀ ਕਾਰ ਨੂੰ ਪਵਿੱਤਰ ਕਰਨਾ ਚਾਹੀਦਾ ਹੈ। ਸੱਚੀ ਰਹਿਤ ਜੋ ਹੈ ਉਹ ਪਰਮਾਤਮਾ ਦੇ ਨਾਮ ਦੀ ਹੋਵੇ, ਇਸ ਤਰ੍ਹਾਂ ਸਦਾ ਪਵਿੱਤਰ ਅਤੇ ਤ੍ਰਿਪਤ ਰਹੋਗੇ, ਜਿਨ੍ਹਾਂ ਦੇ ਹਿਰਦੇ ਵਿੱਚ ਨਾਮ-ਸਿਮਰਨ ਦਾ ਨਿਵਾਸ ਹੋ ਜਾਵੇ :-

ਸਚਾ ਚਉਕਾ ਸੁਰਤਿ ਕੀ ਕਾਰਾ ॥ ਹਰਿ ਨਾਮੁ ਭੋਜਨੁ ਸਚੁ ਆਧਾਰਾ ॥
ਸਦਾ ਤ੍ਰਿਪਤਿ ਪਵਿਤੁ ਹੈ ਪਾਵਨੁ ਜਿਤੁ ਘਟਿ ਹਰਿ ਨਾਮੁ ਨਿਵਾਸੀ ਹੇ ॥੫॥

(ਅੰਗ-੧੦੪੮)

ਜਨਮ ਸਮੇਂ ਦਾ ਸੂਤਕ (ਅਪਵਿਤ੍ਰਤਾ) ਮੰਨੀ ਜਾਂਦੀ ਹੈ। ਕਈ ਕਈ ਦਿਨ ਇਸਤਰੀ ਚੌਂਕੇ ਵਿੱਚ ਭੋਜਨ ਆਦਿ ਨਹੀਂ ਬਣਾ ਸਕਦੀ। ਭਿੱਟ ਸਮਝੀ ਜਾਂਦੀ ਹੈ। ਆਸਾ ਕੀ ਵਾਰ ਵਿੱਚ ਸਤਿਗੁਰੂ ਜੀ ਦਰਸਾਉਂਦੇ ਹਨ :-

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥ ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥

(ਅੰਗ-੪੭੨)

ਜੇਕਰ ਸੂਤਕ (ਅਪਵਿੱਤ੍ਰਤਾ) ਨੂੰ ਮੰਨਣਾ ਕਰੀਏ ਤਾਂ ਗੋਹੇ ਅਤੇ ਲਕੜੀ ਅੰਦਰ ਵੀ ਕੀੜਾ ਹੁੰਦਾ ਹੈ। ਜਿੰਨੇ ਵੀ ਅੰਨ ਦੇ ਦਾਣੇ ਹਨ, ਸਭ ਵਿੱਚ ਜੀਵ ਹਨ। ਪਹਿਲਾਂ ਤਾਂ ਪਾਣੀ ਹੀ

ਜੀਵ ਹੈ ਜੋ ਸਭ ਨੂੰ ਜਾਨ ਦਿੰਦਾ ਹੈ। ਸੋ ਇਸ ਤਰ੍ਹਾਂ ਰਸੋਈ ਵਿੱਚ ਸੂਤਕ ਹੀ ਸੂਤਕ ਹੈ, ਇਸ ਤੋਂ ਬਚਿਆ ਨਹੀਂ ਜਾ ਸਕਦਾ। ਸੂਤਕ ਦੀ ਪਵਿੱਤ੍ਰਤਾ ਤਾਂ ਗਿਆਨ ਨਾਲ ਦੂਰ ਹੁੰਦੀ ਹੈ। ਸਾਰਾ ਸੂਤਕ ਇੱਕ ਵੱਡਾ ਭਰਮ ਹੈ। ਜੰਮਣ-ਮਰਣਾ ਤਾਂ ਇੱਕ ਹੁਕਮ ਵਿੱਚ ਹੁੰਦਾ ਹੈ। ਖਾਣਾ ਪੀਣਾ ਵੀ ਸਾਰਾ ਪਵਿੱਤ੍ਰ ਹੈ, ਵਾਹਿਗੁਰੂ ਜੀ ਨੇ ਸਭ ਨੂੰ ਰਿਜ਼ਕ ਦਿੱਤਾ ਹੈ। ਜੋ ਕੋਈ ਗੁਰਮੁਖ ਬਣ ਕੇ ਗੁਰੂ ਦੁਆਰਾ ਇਸ ਭੇਦ ਨੂੰ ਸਮਝ ਲੈਂਦਾ ਹੈ, ਉਨ੍ਹਾਂ ਨੂੰ ਕੋਈ ਸੂਤਕ ਨਹੀਂ ਲੱਗਦਾ :-

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥ ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ ॥੩॥ (ਅੰਗ-੪੭੨)

ਹੈਰਾਨੀ ਦੀ ਗੱਲ ਹੈ ਕਿ ਛਿੱਕ, ਹਿਜਕੀ ਆਦਿ ਦਾ ਵੀ ਅਪਸ਼ਗਨ ਮੰਨਦੇ ਹਨ। ਘਰੋਂ ਬਾਹਰ ਤੁਰਨ ਲੱਗੇ ਕਿਸੇ ਨੇ ਛਿੱਕ ਮਾਰ ਦਿੱਤੀ, ਬਸ ਹੋ ਗਿਆ ਅਪਸ਼ਗਨ, ਹਿਜਕੀ ਆ ਗਈ, ਕੰਮ ਖਰਾਬ। ਬਿੱਲੀ, ਕੁੱਤੇ ਨੇ ਰਾਹ ਕੱਟ ਦਿੱਤਾ, ਕਹਿੰਦੇ ਕੋਈ ਖਤਰਾ ਹੈ। ਹੱਦ ਹੋ ਗਈ ਬਿੱਲੀ, ਕੁੱਤੇ ਨੂੰ ਹੀ ਅੰਤਰਜਾਮੀ ਮੰਨ ਲਿਆ ਕਿ ਇਸ ਨੂੰ ਪਤਾ ਹੈ ਬਈ, ਜਿਸ ਕੰਮ ਤੇ ਜਾਓਗੇ, ਨਹੀਂ ਹੋਵੇਗਾ, ਵਿਘਨ ਪਵੇਗਾ। ਕਿੰਨੀ ਬੇਸਮਝੀ ਦੀ ਗੱਲ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :-

ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥ ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ ॥੨॥ ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥ ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ ॥੩॥ ਭੈ ਬਿਨਸੇ ਭ੍ਰਮ ਮੋਹ ਗਏ ਕੋ ਦਿਸੈ ਨ ਬੀਆ ॥ ਨਾਨਕ ਰਾਖੇ ਪਾਰਬ੍ਰਹਮਿ ਫਿਰਿ ਦੂਖੁ ਨ ਥੀਆ ॥੪॥ (ਅੰਗ-੪੦੧)

ਭਾਈ ! ਸ਼ਗਨ , ਬਦਸ਼ਗਨ ਤਾਂ ਉਸ ਨੂੰ ਲੱਗਦੇ ਹਨ ਜੋ, ਮਨਮੁਖ ਹਨ, ਗੁਰੂ ਵਾਲੇ ਨਹੀਂ। ਗੁਰੂ-ਗੁਰਬਾਣੀ ਨਾਲ ਜੁੜ ਕੇ ਵਾਹਿਗੁਰੂ ਦਾ ਸਿਮਰਨ ਕਰਨ ਨਾਲ ਕੋਈ ਸ਼ਗਨ-ਬਦਸ਼ਗਨ ਨਹੀਂ ਹੁੰਦਾ। ਵਾਹਿਗੁਰੂ ਜੀ ਐਸੇ ਡਰ-ਭੈ, ਵਹਿਮ-ਭਰਮ ਨੂੰ ਸਾਡੇ ਕੋਲੋਂ ਦੂਰ ਰੱਖਦੇ ਹਨ। ਪੁੰਨ-ਦਾਨ, ਜਪ-ਤਪ ਜਿੰਨੇ ਵੀ ਕਰਮ ਹਨ, ਸਾਰਿਆਂ ਤੋਂ ਉਪਰ ਦੀ ਵਸਤੂ ਪਰਮਾਤਮਾ ਦਾ ਨਾਮ ਹੈ। ਇਸ ਦੇ ਜਪਣ ਨਾਲ ਭਰਮ ਮੋਹ ਦੂਰ ਹੋ ਜਾਂਦੇ ਹਨ, ਕੋਈ ਵਾਹਿਗੁਰੂ ਤੋਂ ਬਿਨਾਂ ਦੂਜਾ ਨਜ਼ਰ ਨਹੀਂ ਆਉਂਦਾ। ਸ੍ਰੀ ਗੁਰੂ ਨਾਨਕ ਦੇਵ ਜੀ ਗਰੰਟੀ ਲੈਂਦੇ ਹਨ ਕਿ ਨਾਮ ਦਾ ਕਰਮ ਕਰਨ ਨਾਲ ਦੁੱਖ ਦੂਰ ਰਹਿੰਦੇ ਹਨ।

ਜਿੰਨੇ ਵੀ ਵਹਿਮ ਭਰਮ ਸਾਡੇ ਅੰਦਰ ਪੈਦਾ ਹੁੰਦੇ ਹਨ, ਉਨ੍ਹਾਂ ਸਾਰਿਆਂ ਦਾ ਇਲਾਜ

ਸਤਿਗੁਰੂ ਜੀ ਦੱਸਦੇ ਹਨ :-

**ਸੋ ਘਰੁ ਦਯਿ ਵਸਾਇਆ ॥ ਸੁਖ ਸਾਗਰੁ ਗੁਰੁ ਪਾਇਆ ॥**
**ਤਾ ਸਹਸਾ ਸਗਲ ਮਿਟਾਇਆ ॥੧॥ ਹਰਿ ਕੇ ਨਾਮ ਕੀ ਵਡਿਆਈ ॥**
**ਆਠ ਪਹਰ ਗੁਣ ਗਾਈ ॥ ਗੁਰ ਪੂਰੇ ਤੇ ਪਾਈ ॥ ਰਹਾਉ ॥** (ਅੰਗ-੬੨੬)

ਜਿਸ ਪਾਰਬ੍ਰਹਮ ਪ੍ਰਮੇਸਰ ਨੇ ਸਾਡੇ ਚਿੱਤ ਅੰਦਰ ਅਪਣੇ ਨਾਮ ਦਾ ਵਾਸਾ ਕੀਤਾ ਹੈ, ਉਸ ਪ੍ਰਭੂ ਨੇ ਸਾਡੇ ਅੰਦਰ ਅਪਣਾ ਘਰ ਬਣਾ ਲਿਆ ਹੈ। ਇਸ ਤਰ੍ਹਾਂ ਸਤਿਗੁਰੂ ਦੀ ਕਿਰਪਾ ਸਦਕਾ ਅਸੀਂ ਸੁੱਖਾਂ ਦੇ ਸਾਗਰ ਨੂੰ ਪਾ ਲਿਆ ਹੈ ਅਤੇ ਸਾਰੇ ਵਹਿਮ-ਭਰਮ ਮਿਟ ਗਏ ਹਨ।

ਜਦੋਂ ਗੁਰੂ ਦੇ ਸ਼ਬਦ (ਗੁਰ ਮੰਤ੍ਰ) ਦਾ ਅਸੀਂ ਜਾਪ ਕੀਤਾ ਤਾਂ ਸਮਝੋ ਕਿ ਸਾਡੇ ਆਲੇ ਦੁਆਲੇ ਨਾਮ ਦੀ ਕਾਰ ਬਣ ਗਈ। ਗੁਰ ਮੰਤ੍ਰ ਸਾਡਾ ਰਖਵਾਲਾ ਬਣ ਗਿਆ । ਨਾਮ ਦੇ ਨਾਲ ਪ੍ਰੀਤ ਹੋਣ ਕਰਕੇ ਜਮ ਵਿਚਾਰਾ ਸ਼ਰਮ ਵਿੱਚ ਆ ਕੇ ਸਾਡੇ ਕੋਲੋਂ ਦੂਰ ਦੌੜ ਜਾਂਦਾ ਹੈ। ਸਾਰੇ ਦੁੱਖ ਤਕਲੀਫ ਜਿਨ੍ਹਾਂ ਲਈ ਅਸੀਂ ਵਹਿਮ-ਭਰਮ ਵਿੱਚ ਆਕੇ ਕਰਮ ਕਾਂਡ ਕਰਦੇ ਹਾਂ, ਸਭ ਦੂਰ ਹੋ ਜਾਂਦੇ ਹਨ। ਗੁਰੂ ਵਾਕ ਹੈ :-

**ਗੁਰ ਕਾ ਸਬਦੁ ਰਖਵਾਰੇ ॥ ਚਉਕੀ ਚਉਗਿਰਦ ਹਮਾਰੇ ॥ ਰਾਮ ਨਾਮਿ ਮਨੁ ਲਾਗਾ ॥ ਜਮੁ ਲਜਾਇ ਕਰਿ ਭਾਗਾ ॥੧॥ ਪ੍ਰਭ ਜੀ ਤੂ ਮੇਰੋ ਸੁਖਦਾਤਾ ॥**
**ਬੰਧਨ ਕਾਟਿ ਕਰੇ ਮਨੁ ਨਿਰਮਲੁ ਪੂਰਨ ਪੁਰਖੁ ਬਿਧਾਤਾ ॥** (ਅੰਗ-੬੨੬)

ਵਾਹਿਗੁਰੂ ਜੀ ਸਾਰੇ ਬੰਧਨ ਕੱਟ ਕੇ ਸਾਡੇ ਮਨ ਨੂੰ ਨਿਰਮਲ (ਸਾਫ ਸੁਥਰਾ) ਕਰ ਦਿੰਦੇ ਹਨ ਅਤੇ ਸਾਰੇ ਸੁੱਖ ਬਖਸ਼ ਦਿੰਦੇ ਹਨ, ਕਿਉਂਕਿ ਵਾਹਿਗੁਰੂ ਜੀ ਸਾਰੇ ਸੁੱਖਾਂ ਦੇ ਦਾਤੇ ਹਨ।

-o-o-o-


ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ'

ਭਵਨ ਨੰ.6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ,

**ਮਹੀਨਾ ਵਾਰੀ ਗੁਰਮਤਿ ਸਮਾਗਮ**

**ਦੂਜਾ ਸਨੀਵਾਰ 09 ਸਤੰਬਰ 2023 ਨੂੰ**

10.00 ਤੋਂ 01.00 ਵਜੇ ਦੁਪਹਿਰ ਤਕ

ਸ਼ਬਦ-ਕੀਰਤਨ ਅਤੇ ਸ਼ਬਦ-ਵੀਚਾਰ ਹੋਵੇਗੀ।

ਸਤਿਸੰਗ ਵਿੱਚ ਦਰਸ਼ਨ ਦੇ ਕੇ ਲਾਭ ਉਠਾਓ ਜੀ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਭਗਤ ਕਬੀਰ ਜੀ ਦੀ ਬਾਣੀ ਵਿੱਚ ਨਾਮ ਦੀ ਮਹਿਮਾ

-ਸ.ਗੁਲਜਾਰ ਸਿੰਘ, ਮੋ 93163-45050

ਗੁਰੂ ਸਾਹਿਬਾਨ ਨੇ, ਮਨੁੱਖਾ ਜੀਵਨ ਸਫਲ ਕਰਨ ਲਈ, ਸਾਨੂੰ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦੀ ਮਹਾਨ ਸਿੱਖਿਆ ਨਾਲ ਨਿਵਾਜਿਆ ਹੈ। ਅੱਜ ਦੇ ਸਮਾਜ ਵਿੱਚ, ਗੁਰੂ ਸਾਹਿਬ ਦੀ ਬਖਸ਼ਿਸ਼ ਕੀਤੀ ਜੀਵਨ-ਜੁਗਤ ਭਾਵ ਸੇਵਾ ਸਿਮਰਨ, ਸਤਿਸੰਗਤ, ਪੂਰੇ ਵਿਸ਼ਵ ਅੰਦਰ ਸਿੱਖ ਜਗਤ ਦੀ ਪ੍ਰਸ਼ੰਸਾ ਦੀ ਪਾਤਰ ਹੈ। ਇਸ ਲੇਖ ਵਿੱਚ ਅਸੀਂ ਸ਼੍ਰੋਮਣੀ ਭਗਤ ਕਬੀਰ ਸਾਹਿਬ ਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੁਸ਼ੋਭਿਤ ਬਾਣੀ ਵਿੱਚ, ਨਾਮ ਸਿਮਰਨ ਦੀ ਮਹਿਮਾ ਬਾਰੇ ਸਮਝਣ ਦੀ ਕੋਸ਼ਿਸ਼ ਕਰ ਰਹੇ ਹਾਂ।

ਭਗਤ ਕਬੀਰ ਜੀ ਨੂੰ ਉਨ੍ਹਾਂ ਪੰਦਰ੍ਹਾਂ ਭਗਤਾਂ ਵਿਚੋਂ ਸ਼੍ਰੋਮਣੀ-ਭਗਤ ਕਹਿ ਕੇ ਸਤਿਕਾਰਿਆ ਜਾਂਦਾ ਹੈ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ਼ ਹੈ। ਆਪ ਜੀ ਦੇ ੧੭ ਰਾਗਾਂ ਵਿੱਚ ੫੦੦ ਤੋਂ ਵੱਧ (ਸਲੋਕਾਂ ਸਹਿਤ) ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੋਸ਼ਭਿਤ ਹਨ। ਕਬੀਰ ਜੀ ਨੇ ਭਗਤ ਰਵਿਦਾਸ, ਭਗਤ ਧੰਨਾ ਜੀ, ਭਗਤ ਪੀਪਾ ਜੀ ਅਤੇ ਭਗਤ ਸੈਣ ਜੀ ਦੀ ਤਰ੍ਹਾਂ ਭਗਤ ਰਾਮਾਨੰਦ ਜੀ ਕੋਲੋਂ ਦੀਖਿਆ ਪ੍ਰਾਪਤ ਕੀਤੀ।

ਕਬੀਰ ਜੀ ਨੇ ਪਰਮ ਪਿਤਾ ਪਰਮੇਸਰ ਨਾਲ, ਆਪਣੇ ਮਿਲਾਪ ਸੰਬੰਧੀ, ਆਪਣੀ ਬਾਣੀ ਵਿੱਚ ਸਪਸ਼ਟ ਸੰਕੇਤ ਦਿੱਤੇ ਹਨ। ਆਪ ਜੀ ਕਹਿੰਦੇ ਹਨ, (ਗੁਰ ਕ੍ਰਿਪਾ ਸਦਕਾ) ਮੈਂ ਹੁਣ ਉੱਚੀ ਆਤਮਿਕ ਅਵਸਥਾ ਪ੍ਰਾਪਤ ਕਰ ਲਈ ਹੈ, ਜਿੱਥੇ ਮੈਨੂੰ ਪ੍ਰਭੂ ਦਾ ਮਿਲਾਪ ਹੋ ਗਿਆ ਹੈ। ਮੈ (ਕਬੀਰ) ਅਤੇ (ਸਰਬ ਵਿਆਪਕ) ਰਾਮ ਭਾਵ ਪਰਮਾਤਮਾ ਇੱਕ ਰੂਪ ਹੋ ਗਏ ਹਾਂ ਅਤੇ ਕੋਈ ਵੀ ਸਾਡੇ ਵਿੱਚ ਅੰਤਰ ਨਹੀ ਦੱਸ ਸਕਦਾ।

**ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥**
**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥** (ਅੰਗ-੯੬੯)

ਕਬੀਰ ਜੀ ਫ਼ੁਰਮਾਉਂਦੇ ਹਨ ਕਿ (ਮੈ ਤਾਂ ਪ੍ਰਭੂ ਦਾ ਸਿਮਰਨ ਕਰਦਾ ਹਾਂ) ਪਰ (ਲੋਕਾਂ ਭਾਣੇ) ਮੈਂ (ਕਬੀਰ) ਵਿਗੜ ਗਿਆ ਹਾਂ। (ਲੋਕ ਨਹੀ ਜਾਣਦੇ) ਕਬੀਰ ਤਾਂ ਸੰਤਾਂ ਦੀ ਸੰਗਤ ਵਿੱਚ ਰਹਿ ਕੇ, ਰਾਮ ਦਾ ਰੂਪ ਹੋ ਗਿਆ ਹੈ, ਕਿਸੇ ਹੋਰ ਪਾਸੇ ਨਹੀ ਭਟਕਦਾ। ਪਰਮਾਤਮਾ ਦਾ ਸਰੂਪ ਇਨਸਾਨ ਬਿਆਨ ਨਹੀ ਕਰ ਸਕਦਾ। ਗੁਰੂ ਨੇ ਪ੍ਰਭੂ ਦੇ ਗੁਣਾਂ ਦੀ ਸੋਝੀ ਦੇ ਕੇ, ਮਾਨੋ ਮਿੱਠਾ ਗੁੜ ਦਿੱਤਾ ਹੈ ਜਿਸ ਦਾ ਸੁਆਦ ਅਕੱਥ ਹੈ। ਕਬੀਰ ਜੀ ਕਹਿੰਦੇ ਹਨ, ਮੇਰਾ ਸਾਰਾ ਸ਼ੱਕ/ਭਰਮ-ਭੁਲੇਖਾ ਦੂਰ ਹੋ ਗਿਆ ਹੈ ਕਿਉਕਿ ਮੈ ਪ੍ਰਭੂ ਨੂੰ ਹਰ ਥਾਂ ਰਮਿਆ ਹੋਇਆ ਵੇਖ ਲਿਆ ਹੈ।

ਬਿਗਰਿਓ ਕਬੀਰਾ ਰਾਮ ਦੁਹਾਈ ॥ ਸਾਚੁ ਭਇਓ ਅਨ ਕਤਹਿ ਨ ਜਾਈ ॥

(ਅੰਗ-੧੧੫੮)

ਸੰਤਨ ਸੰਗਿ ਕਬੀਰਾ ਬਿਗਰਿਓ ॥ ਸੋ ਕਬੀਰੁ ਰਾਮੈ ਹੋਇ ਨਿਬਰਿਓ ॥

(ਅੰਗ-੧੧੫੮)

ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥ (ਅੰਗ-੧੩੫੦)

ਆਪ ਜੀ ਦੇ ਗੁਰਭਾਈ ਅਤੇ ਸਮਕਾਲੀ ਭਗਤ ਰਵਿਦਾਸ ਜੀ ਆਪਣੀ ਬਾਣੀ ਵਿੱਚ ਭਗਤ ਕਬੀਰ ਜੀ ਦੀ ਪ੍ਰਭੂ ਮਿਲਾਪ ਬਾਰੇ, ਸ਼ਾਹਦੀ ਭਰਦੇ ਹਨ ਕਿ ਭਗਤ ਕਬੀਰ ਜੀ, ਨਾਮ ਦੀ ਕਮਾਈ ਕਰਕੇ, ਅਨੇਕ ਜਨਮਾਂ ਦੇ ਕਰਮਾਂ ਦੇ ਲੇਖੇ ਜੋਖੇ ਤੋਂ ਮੁਕਤ ਹੋ ਗਏ :

ਹਰਿ ਕੇ ਨਾਮ ਕਬੀਰ ਉਜਾਗਰ ॥ ਜਨਮ ਜਨਮ ਕੇ ਕਾਟੇ ਕਾਗਰ ॥੧॥

(ਅੰਗ-੪੮੭)

ਸ੍ਰੀ ਗੁਰੂ ਅਰਜਨ ਦੇਵ ਜੀ ਕਬੀਰ ਜੀ ਦੀ ਉਸਤਤਿ ਵਿੱਚ ਫ਼ੁਰਮਾਉਂਦੇ ਹਨ :

ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥ (ਅੰਗ-੪੮੭)

ਗੁਰੂ ਸਾਹਿਬ ਸਮਝਾਉਂਦੇ ਹਨ ਕਿ ਗਹਿਰੀ ਸੋਚ ਵਿਚਾਰ (ਖੋਜ) ਦੇ ਨਤੀਜੇ ਵਜੋਂ ਇਹੀ ਸੋਝੀ ਮਿਲਦੀ ਹੈ ਕਿ ਪਰਮਾਤਮਾ ਦਾ ਨਾਮ (ਸਿਮਰਨਾ) ਹੀ ਜੀਵਨ ਦਾ ਸਭ ਤੋਂ ਪ੍ਰਮੁੱਖ ਮਨੋਰਥ ਹੈ। ਐਸਾ ਕਰਨ ਨਾਲ ਪਾਪ ਕਰਮਾਂ ਦਾ ਨਾਸ ਹੁੰਦਾ ਹੈ ਅਤੇ ਗੁਰ ਸ਼ਰਣ ਵਿੱਚ, ਪ੍ਰਭੂ ਨਾਮ ਦੇ ਜਾਪ ਨਾਲ, ਸੰਸਾਰ-ਸਾਗਰ ਤੋਂ ਤਰ ਕੇ ਪਾਰ ਲੰਘ ਜਾਈਦਾ ਹੈ :

ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ ॥
ਕਿਲਬਿਖ ਕਾਟੇ ਨਿਮਖ ਅਰਾਧਿਆ ਗੁਰਮੁਖਿ ਪਾਰਿ ਉਤਾਰਾ ॥ (ਅੰਗ-੬੧੧)

## ੧) ਨਾਮ (ਸਿਮਰਨ) ਬਾਰੇ ਕਬੀਰ ਸਾਹਿਬ ਦੀ ਬਾਣੀ ਵਿੱਚ ਪ੍ਰਗਟ ਕੀਤੇ ਵਿਚਾਰ

੧.) ਕਬੀਰ ਸਾਹਿਬ ਨੇ ਅਕਾਲ ਪੁਰਖ ਦੇ ਨਾਮ ਨੂੰ ਹਿਰਦੇ ਵਿੱਚ ਵਸਾਉਣ ਬਾਰੇ, ਅਨੇਕਾਂ ਦ੍ਰਿਸ਼ਟਾਂਤ ਦੇ ਕੇ ਜਗਿਆਸੂਆਂ ਨੂੰ ਹਰਿ ਨਾਮ ਨਾਲ ਲਿਵ ਜੋੜਨ ਦੀ ਸਿੱਖਿਆ ਪ੍ਰਦਾਨ ਕੀਤੀ ਹੈ। ਆਪ ਜੀ ਫ਼ੁਰਮਾਉਂਦੇ ਹਨ ਕਿ ਜੋ ਪ੍ਰਭ ਦਾ ਪਿਆਰਾ ਉਸ ਦਾ ਨਾਮ ਜਪਦਾ ਹੈ ਮੈਂ ਉਸ ਤੋਂ ਸਦਕੇ ਜਾਂਦਾ ਹਾਂ। ਜੋ ਵੀ ਪ੍ਰਾਣੀ ਪ੍ਰੇਮ ਨਾਲ ਪ੍ਰਭੂ ਦਾ ਨਾਮ ਸੁਣਦਾ/ਗਾਇਨ ਕਰਦਾ ਹੈ, ਇਸ ਵਿੱਚ ਕੋਈ ਸ਼ੱਕ ਨਹੀ ਕਿ ਉਹ ਅੰਤ ਵਿੱਚ ਪਰਮਗਤਿ ਭਾਵ ਪ੍ਰਭੂ ਦਾ ਮਿਲਾਪ ਪ੍ਰਾਪਤ ਕਰ ਕੇ ਆਪਣੀ ਸੰਸਾਰਿਕ ਯਾਤਰਾ ਸਫਲ ਕਰ ਜਾਂਦਾ ਹੈ :

ਜੋ ਜਨ ਲੇਹਿ ਖਸਮ ਕਾ ਨਾਉ ॥
ਤਿਨ ਕੈ ਸਦ ਬਲਿਹਾਰੈ ਜਾਉ ॥੧॥ (ਅੰਗ-੩੨੮)
ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ ॥
ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ ॥੪॥ (ਅੰਗ-੩੩੫)

੨.) ਜੋ ਦਿਨ-ਰਾਤ ਕੇਵਲ ਪ੍ਰਭੂ ਦੇ ਨਾਮ ਵਿੱਚ ਸੁਚੇਤ ਰਹਿੰਦੇ ਹਨ ਉਨ੍ਹਾਂ ਵਿੱਚ ਕਈ (ਸੁਭਾਗੇ), ਸੁਰਤਿ ਪ੍ਰਭੂ ਨਾਮ ਵਿੱਚ ਜੋੜੀ ਰੱਖ ਕੇ, ਪ੍ਰਭੂ ਮਿਲਾਪ ਪ੍ਰਾਪਤ ਕਰ ਗਏ।

ਅਹਿਨਿਸਿ ਏਕ ਨਾਮ ਜੋ ਜਾਗੇ ॥ ਕੇਤਕ ਸਿਧ ਭਏ ਲਿਵ ਲਾਗੇ ॥੧॥
(ਅੰਗ-੩੩੦)

੩.) ਕਬੀਰ ਸਾਹਿਬ ਕਹਿੰਦੇ ਹਨ ਕਿ ਹੁਣ ਮੈਂ ਆਪਣੀ ਜਿਹਬਾ ਨਾਲ ਪ੍ਰਭੂ ਦਾ ਅੰਮ੍ਰਿਤ ਰੂਪੀ ਨਾਮ ਜਪਦਾ ਹਾਂ ਅਤੇ ਪ੍ਰਭੂ ਨੇ ਮੈਨੂੰ ਆਪਣਾ ਗੋਲਾ ਬਣਾ ਲਿਆ ਹੈ।

ਅੰਮ੍ਰਿਤ ਨਾਮੁ ਜਪਉ ਜਪੁ ਰਸਨਾ ॥ ਅਮੋਲ ਦਾਸੁ ਕਰਿ ਲੀਨੋ ਅਪਨਾ ॥੧॥
(ਅੰਗ-੩੩੧)

੪.) ਉਦਾਹਰਣਾਂ ਦੇ ਕੇ ਸਮਝਾਉਂਦੇ ਹਨ ਕਿ ਆਪਣੇ ਗੁਰੂ ਦੀ ਕ੍ਰਿਪਾ ਸਦਕਾ, ਭਗਤ ਨਾਮਦੇਵ ਜੀ ਅਤੇ ਜੈਦਉ ਜੀ ਨੇ ਪ੍ਰੇਮਾ-ਭਗਤੀ ਦੁਆਰਾ ਹੀ ਸੱਚ ਦੀ ਪ੍ਰਾਪਤੀ ਕੀਤੀ ਹੈ।

ਗੁਰ ਪਰਸਾਦੀ ਜੈਦੇਉ ਨਾਮਾਂ ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ ॥੫॥
(ਅੰਗ-੩੩੦)

੫.) ਕਬੀਰ ਸਾਹਿਬ ਜਗਿਆਸੂਆਂ ਨੂੰ ਸਮਝਾਉਂਦੇ ਹਨ ਕਿ ਪ੍ਰਭੂ ਦਾ ਨਾਮ ਇਸ ਤਰ੍ਹਾਂ ਜਪੁ ਜਿਵੇਂ ਭਗਤ ਧ੍ਰੂ ਅਤੇ ਭਗਤ ਪ੍ਰਹਿਲਾਦ ਨੇ ਜਪਿਆ। ਭਾਵ ਪੂਰਨ ਆਪਾ-ਸਮਰਪਣ ਕਰਕੇ ਪ੍ਰੇਮਾ-ਭਗਤੀ ਦੁਆਰਾ, ਅਡੋਲ ਅਵਸਥਾ ਵਿੱਚ ਟਿਕ, ਤਾਂਕਿ ਤੱਤ ਵਸਤੂ (ਨਾਮ) ਜਿਸ ਨਾਲ ਜੁੜਨਾ ਹੈ, ਉਹ ਕਿਤੇ ਵਿਸਰ ਨਾ ਜਾਵੇ ।

ਰਾਮ ਜਪਉ ਜੀਅ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥ (ਅੰਗ-੩੩੭)
ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥
ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥੧॥ (ਅੰਗ-੪੭੮)

੬.) ਕਬੀਰ ਜੀ ਕਹਿੰਦੇ ਹਨ ਕਿ ਮੇਰੀ ਮਾਂ ਰੋਂਦੀ ਹੋਈ ਪਰਮਾਤਮਾ ਨੂੰ ਗਿਲਾ ਕਰਦੀ ਰਹਿੰਦੀ ਹੈ ਕਿ ਹੇ ਪ੍ਰਭੂ ! ਇਹ ਤੇ ਇਸ ਦੇ ਬੱਚੇ ਕਿਵੇਂ ਰਹਿਣਗੇ ? ਕਬੀਰ ਨੇ (ਜੁਲਾਹੇ ਦਾ ਕਿੱਤਾ) ਕੱਪੜਾ ਤਣਨਾ ਬੁਨਣਾ ਸਭ ਕੁਝ ਛੱਡ ਦਿੱਤਾ ਹੈ ਤੇ ਹਰ ਵੇਲੇ ਹਰੀ ਦਾ ਨਾਮ ਜਪਦਾ ਰਹਿੰਦਾ ਹੈ। ਕਹਿਣ ਤੇ (ਕਬੀਰ) ਜਵਾਬ ਦਿੰਦੇ ਹਨ ਕਿ ਜਿਨ੍ਹਾਂ ਚਿਰ ਮੈ ਬੁਣਨ ਲਈ, ਨਾਲ ਵਿੱਚ ਧਾਗਾ ਪਾਉਂਦਾ ਹਾਂ ਉਨ੍ਹਾਂ ਚਿਰ ਮੈਨੂੰ ਪ੍ਰਭੂ ਵਿਸਰ ਜਾਂਦਾ ਹੈ। ਕਬੀਰ

ਸਾਹਿਬ ਫਿਰ ਆਪ ਹੀ ਜੁਵਾਬ ਵਿੱਚ ਕਹਿੰਦੇ ਹਨ ਕਿ ਮੇਰੀ ਛੋਟੀ ਜਿਹੀ ਮੱਤ ਹੈ ਅਤੇ ਮੈ ਗਰੀਬ ਜੁਲਾਹਾ ਹਾਂ। ਮੈਂ ਨਾਮ ਰੂਪੀ ਧਨ ਇਸ ਜਨਮ ਵਿੱਚ ਖੱਟਿਆ ਹੈ। ਕਬੀਰ ਜੀ ਮਾਈ ਨੂੰ ਜਵਾਬ ਵਿੱਚ ਕਹਿੰਦੇ ਹਨ ਕਿ ਹੇ ਮਾਂ ! ਸਾਡਾ ਤੇ ਸਾਡੇ ਬੱਚਿਆਂ ਦਾ ਰਿਜਕ ਦੇਣ ਵਾਲਾ ਇੱਕੋ ਇੱਕ ਪਰਮਾਤਮਾ ਹੈ :

ਮੁਸਿ ਮੁਸਿ ਰੋਵੈ ਕਬੀਰ ਕੀ ਮਾਈ ॥ ਏ ਬਾਰਿਕ ਕੈਸੇ ਜੀਵਹਿ ਰਘੁਰਾਈ ॥੧॥ ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ ॥ ਹਰਿ ਕਾ ਨਾਮੁ ਲਿਖਿ ਲੀਓ ਸਰੀਰ ॥੧॥ ਰਹਾਉ ॥ ਜਬ ਲਗੁ ਤਾਗਾ ਬਾਹਉ ਬੇਹੀ ॥ ਤਬ ਲਗੁ ਬਿਸਰੈ ਰਾਮੁ ਸਨੇਹੀ ॥੨॥ ਓਛੀ ਮਤਿ ਮੇਰੀ ਜਾਤਿ ਜੁਲਾਹਾ ॥ ਹਰਿ ਕਾ ਨਾਮੁ ਲਹਿਓ ਮੈ ਲਾਹਾ ॥੩॥ ਕਹਤ ਕਬੀਰ ਸੁਨਹੁ ਮੇਰੀ ਮਾਈ ॥ ਹਮਰਾ ਇਨ ਕਾ ਦਾਤਾ ਏਕੁ ਰਘੁਰਾਈ ॥੪॥ (ਅੰਗ-੫੨੪)

੭.) ਕਬੀਰ ਜੀ ਆਪਣੀ ਬਾਣੀ ਦੁਆਰਾ ਕਹਿੰਦੇ ਹਨ ਕਿ ਪ੍ਰਭੂ ਦਾ ਨਾਮ ਮੇਰੀ ਜੀਭ ਉੱਤੇ ਵੱਸ ਰਿਹਾ ਹੈ ਇਹੀ ਮੇਰੀ ਮਾਲਾ ਹੈ। ਮੁੱਢ ਤੋਂ ਹੀ ਸਾਰੇ ਭਗਤ ਪ੍ਰਭੂ ਦਾ ਨਾਮ ਸਿਮਰਦੇ ਆਏ ਹਨ ਅਤੇ ਘਟ-ਘਟ ਵਿੱਚ ਰਮੇ ਹੋਏ ਰਾਮ ਦਾ ਨਾਮ ਹੀ ਭਗਤਾਂ ਲਈ ਸੁੱਖ ਅਤੇ ਸ਼ਾਂਤੀ ਦਾ ਸਰੋਤ ਹੈ :

ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ ॥
ਆਦਿ ਜੁਗਾਦੀ ਸਗਲ ਭਗਤ ਤਾ ਕੋ ਸੁਖੁ ਬਿਸ੍ਰਾਮੁ ॥੧॥ (ਅੰਗ-੧੩੬੪)

੮.) ਆਪ ਜੀ ਆਪਣੀ ਬਾਣੀ ਦੁਆਰਾ ਜਗਿਆਸੂਆਂ ਨੂੰ ਸਮਝਾਉਂਦੇ ਹਨ ਕਿ ਮਨ ਨੂੰ ਭਟਕਣਾ ਵਿੱਚ ਨਾ ਪਾਵੋ ; ਆਪਣੀ ਆਤਮਾ ਨੂੰ ਦੁਬਿਧਾ ਦੀ ਹਾਲਤ ਵਿੱਚੋਂ ਕੱਢ ਕੇ, ਸਾਰੇ ਸੁੱਖਾਂ ਦੇ ਦਾਤੇ, ਪ੍ਰਭੂ ਦੇ ਪਵਿੱਤਰ ਨਾਮ ਦੇ ਜਾਪ ਦਾ ਅਨੰਦ ਮਾਣੋ।

ਕਬੀਰ ਡਗਮਗ ਕਿਆ ਕਰਹਿ ਕਹਾ ਡੁਲਾਵਹਿ ਜੀਉ ॥
ਸਰਬ ਸੂਖ ਕੋ ਨਾਇਕੋ ਰਾਮ ਨਾਮ ਰਸੁ ਪੀਉ ॥ (ਅੰਗ-੧੩੬੪)

੯.) ਕਬੀਰ ਸਾਹਿਬ ਬੜੇ ਸੁਆਦਲੇ ਬਚਨਾਂ ਦੁਆਰਾ ਜਗਿਆਸੂਆਂ ਨੂੰ ਉਤਸ਼ਾਹਿਤ ਕਰਦੇ ਹੋਏ ਫ਼ੁਰਮਾਉਂਦੇ ਹਨ ਹੇ ਭਾਈ (ਕਲਜੁਗ ਵਿੱਚ) ਪ੍ਰਮਾਤਮਾਂ ਦੇ ਨਾਮ ਦਾ ਮਾਨੋ ਲੰਗਰ ਲੱਗਾ ਹੋਇਆ ਹੈ ਜਿਨ੍ਹਾਂ ਲਾਹਾ ਲੈ ਸਕਦੇ ਹੋ ਲੈ ਲਵੋ, ਜੇ ਐਸਾ ਨਾ ਕਰ ਸਕੇ ਤਾਂ ਸਮਾਂ ਲੰਘ ਜਾਣ ਤੇ (ਮੌਤ ਦੇ ਆ ਜਾਣ ਵੇਲੇ) ਪਛਤਾਉਣਾ ਪਵੇਗਾ :

ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥
ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥੪੧॥ (ਅੰਗ-੧੩੬੬)

(੧੦) ਕਬੀਰ ਜੀ ਕਹਿੰਦੇ ਹਨ ਕਿ ਭਗਤਾਂ ਦੀ ਸੰਗਤ ਅਤੇ ਸਿਮਰਨ ਦੇ ਪ੍ਰਤਾਪ ਸਦਕਾ ਮੈਂ ਕਾਲ ਦੀ ਫਾਹੀ ਕੱਟ ਲਈ ਹੈ। ਦਾਸ ਕਬੀਰ ਨੇ ਹੁਣ (ਮਾਇਆ ਦਾ) ਕਿਲਾ ਜਿੱਤ ਲਿਆ ਅਤੇ ਕਦੇ ਨਾ ਨਾਸ ਹੋਣ ਵਾਲੀ ਆਤਮਿਕ ਬਾਦਸ਼ਾਹੀ ਪ੍ਰਾਪਤ ਕਰ ਲਈ ਹੈ।

**ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥**

**ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ ॥** (ਅੰਗ-੧੧੬੨)

## ੨) ਨਾਮ ਜਾਪ ਵਿੱਚ ਰੁਕਾਵਟਾਂ/ਭਰਮ-ਭੁਲੇਖੇ ਅਤੇ ਉਨ੍ਹਾਂ ਬਾਰੇ ਕਬੀਰ ਜੀ ਦੇ ਵਿਚਾਰ :

੧) ਕਬੀਰ ਜੀ ਸੋਝੀ ਦਿੰਦੇ ਹਨ ਕਿ ਵਰਤ ਰੱਖਣੇ, ਤਪ ਸਾਧਣੇ, ਜਪ ਕਰਨਾ ਕਿਸੇ ਅਰਥ ਨਹੀ, ਜੇਕਰ ਹਿਰਦੇ ਵਿੱਚ ਪਰਮ ਪਿਤਾ ਪਰਮਾਤਮਾ ਤੋਂ ਬਿਨ੍ਹਾਂ ਕਿਸੇ ਹੋਰ ਦਾ ਪਿਆਰ ਟਿਕਿਆ ਹੋਇਆ ਹੈ। ਕਹਿੰਦੇ ਹਨ ਹੇ ਭਾਈ ! ਮਨ ਨੂੰ ਪਰਮਾਤਮਾ ਦੇ ਨਾਮ ਨਾਲ ਜੋੜਨਾ ਚਾਹੀਦਾ ਹੈ। (ਨਾਮ ਸਿਮਰਨ ਛੱਡ ਕੇ) ਹੋਰ ਹੋਰ ਸਿਆਣਪਾਂ ਨਾਲ ਰੱਬ ਨਹੀ ਮਿਲ ਸਕਦਾ। ਆਪ ਜੀ ਸਮਝਾਉਂਦੇ ਹਨ ਕਿ ਹੇ ਭਾਈ ! ਸਿਰਫ ਇੱਕ ਪਰਮਾਤਮਾਂ ਦੇ ਚਰਨਾਂ ਵਿੱਚ ਮਨ ਜੋੜੀ ਰੱਖੋ ਤਾਂ ਹੀ ਸੰਸਾਰ ਸਾਗਰ ਤਰਿਆ ਜਾ ਸਕਦਾ ਹੈ।

**ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥੧॥**

**ਰੇ ਜਨ ਮਨੁ ਮਾਧਉ ਸਿਉ ਲਾਈਐ ॥ ਚਤੁਰਾਈ ਨ ਚਤੁਰਭੁਜੁ ਪਾਈਐ ॥** (ਅੰਗ-੩੨)

**ਦਾਸੁ ਕਬੀਰੁ ਕਹੈ ਸਮਝਾਇ ॥ ਕੇਵਲ ਰਾਮ ਰਹਹੁ ਲਿਵ ਲਾਇ ॥** (ਅੰਗ-੧੧੬੧)

**ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥**

**ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥੬॥** (ਅੰਗ-੧੩੪੯)

(੨) ਸਾਰਾ ਜਗਤ ਮਾਇਆ ਦੀ ਲਾਲਸਾ ਵਿੱਚ ਭਟਕਦਾ ਫਿਰਦਾ ਹੈ ਜਿਸ ਕਾਰਣ ਅਨੇਕ ਵਿਕਾਰ ਮਨੁੱਖ ਨੂੰ ਆ ਘੇਰਦੇ ਹਨ, ਜੋ ਦੁੱਖਾਂ ਦਾ ਕਾਰਨ ਬਣਦੇ ਹਨ। ਪਰ ਜੇ ਅਸੀਂ ਮਾਇਆ ਪਤੀ ਭਾਵ ਪਰਮਾਤਮਾ ਨਾਲ ਪ੍ਰੀਤ ਜੋੜੀਏ ਤਾਂ ਸਭ ਵਿਕਾਰਾਂ/ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ ਅਤੇ ਪ੍ਰਾਣੀ ਸੁੱਖਾਂ ਵਿੱਚ ਜੀਵਨ ਬਤੀਤ ਕਰਦਾ ਹੈ।

**ਇਨਿ੍ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥**

**ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥** (ਅੰਗ-੮੫੭)

**ਲਿੰਉ ਲਿੰਉ ਕਰਤ ਫਿਰੈ ਸਭੁ ਲੋਗੁ ॥ ਤਾ ਕਾਰਣਿ ਬਿਆਪੈ ਬਹੁ ਸੋਗੁ ॥**

**ਲਖਿਮੀ ਬਰ ਸਿਉ ਜਉ ਲਿਉ ਲਾਵੈ ॥ ਸੋਗੁ ਮਿਟੈ ਸਭ ਹੀ ਸੁਖ ਪਾਵੈ ॥** (ਅੰਗ-੩੪੨)

੩) ਜੋ ਇਨਸਾਨ ਪੱਥਰ ਦੀ ਮੂਰਤੀ ਨੂੰ ਰੱਬ ਸਮਝ ਕੇ ਪੂਜਦਾ ਹੈ, ਨਤਮਸਤਕ ਹੁੰਦਾ ਹੈ, ਉਸ ਦੀ ਸੇਵਾ ਕੀਤੀ ਵਿਅਰਥ ਹੀ ਜਾਂਦੀ ਹੈ। ਸਾਡਾ ਪ੍ਰਭੂ (ਚੇਤੰਨ ਅਵਸਥਾ ਵਿੱਚ) ਨਿਰਤੰਰ (ਅਨਹਦ ਨਾਦ) ਬੋਲ ਰਿਹਾ ਹੈ। ਉਹ ਸਭ ਨੂੰ ਦਾਤਾਂ ਦੇਣ ਵਾਲਾ ਹੈ।

ਜੋ ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥
ਜੋ ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥੧॥
ਠਾਕੁਰੁ ਹਮਰਾ ਸਦ ਬੋਲੰਤਾ ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥੧॥
(ਅੰਗ-੧੧੬੦)

੪) ਜੋ ਮਨੁੱਖ ਮਨ ਵਿੱਚ ਠੱਗੀ ਦੀ ਲਾਲਸਾ ਰੱਖ ਕੇ ਗਿਆਨ ਦੀਆਂ ਗੱਲਾਂ ਨਾਲ ਲੋਕਾਂ ਨੂੰ ਭਰਮਾਉਂਦੇ ਹਨ ਉਨ੍ਹਾਂ ਬਾਰੇ ਕਬੀਰ ਸਾਹਿਬ ਫ਼ੁਰਮਾਉਂਦੇ ਹਨ, ਐਸੇ ਇਨਸਾਨ ਨੂੰ ਪਾਣੀ ਰਿੜਕਣ ਭਾਵ ਝੂਠ/ਕਪਟ ਕਰਨ ਨਾਲ ਕੋਈ (ਆਤਿਮਕ) ਲਾਭ ਨਹੀਂ ਹੋ ਸਕਦਾ। ਸੋ ਹੇ ਮੇਰੇ ਭੁੱਲੇ ਹੋਏ ਮਨ ! ਭੁਲ ਕੇ ਵੀ ਕਿਸੇ ਨਾਲ ਧੋਖਾ ਫਰੇਬ ਨਾ ਕਰਿਆ ਕਰ ਕਿਉਕਿ ਅੰਤ ਵਿੱਚ ਮੰਦੇ ਕਰਮਾ ਦਾ ਲੇਖਾਂ ਤੇਰੀ ਆਪਣੀ ਜਿੰਦ ਤੋਂ ਹੀ ਲਿਆ ਜਾਣਾ ਹੈ :

ਹ੍ਰਿਦੈ ਕਪਟੁ ਮੁਖ ਗਿਆਨੀ ॥ ਝੂਠੇ ਕਹਾ ਬਿਲੋਵਸਿ ਪਾਨੀ ॥੧॥
ਕਾਂਇਆ ਮਾਂਜਸਿ ਕਉਨ ਗੁਨਾਂ ॥ ਜਉ ਘਟ ਭੀਤਰਿ ਹੈ ਮਲਨਾਂ ॥(ਅੰਗ-੬੫੬)
ਮਨ ਮੇਰੇ ਭੂਲੇ ਕਪਟੁ ਨ ਕੀਜੈ ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧॥ (ਅੰਗ-੬੫੬)

੬) ਹੇ ਅਗਿਆਨੀ ਪਾਂਡੇ ! ਤੁਹਾਨੂੰ ਆਪ ਨੂੰ ਤਾਂ ਸੱਚੇ ਮਾਰਗ ਦੀ ਸਮਝ ਹੈ ਨਹੀਂ ਪਰ ਦੂਸਰਿਆਂ ਨੂੰ ਕਿਉਂ ਸਮਝਾਉਣ ਵਿੱਚ ਲੱਗੇ ਹੋ ਵਿੱਦਿਆ ਨੂੰ ਸਿਰਫ ਮਾਇਆ ਦੀ ਖ਼ਾਤਰ ਵੇਚ ਰਹੇ ਹੋ ਅਤੇ ਇਸ ਤਰ੍ਹਾਂ ਕਰਕੇ ਜ਼ਿੰਦਗੀ ਵਿਆਰਥ ਗਵਾ ਰਹੇ ਹੋ । ਤੁਸੀਂ ਪ੍ਰਭੂ ਦਾ ਨਾਮ ਨਹੀ ਸਿਮਰਦੇ। ਤੁਸੀ ਪਰਿਵਾਰ ਸਮੇਤ ਡੁੱਬੋਗੇ ਭਾਵ ਤੁਹਾਡਾ ਇਸ ਸੰਸਾਰ ਸਾਗਰ ਤੋਂ ਪਾਰ-ਉਤਾਰਾ ਨਹੀ ਹੋਵੇਗਾ:

ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ ॥
ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥ (ਅੰਗ-੧੧੦੩)
ਪਡੀਆ ਕਵਨ ਕੁਮਤਿ ਤੁਮ ਲਾਗੇ ॥
ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥੧॥ (ਅੰਗ-੧੧੦੨)

## ੩) ਕਬੀਰ ਜੀ ਦੀ ਬਾਣੀ ਵਿੱਚ ਨਾਮ-ਜਾਪ ਜੁਗਤ

(੧) ਜੋ ਮਨੁੱਖ ਸਤਿਗੁਰ ਦੀ ਬਾਣੀ ਰਾਹੀਂ ਪਰਮਾਤਮਾ ਨਾਲ ਸਾਂਝ ਪਾ ਲੈਂਦਾ ਹੈ ਉਸ

ਨੂੰ (ਪ੍ਰਭੂ ਦੀ ਸਿਫਤ ਸਲਾਹ ਤੋਂ ਬਿਨ੍ਹਾਂ) ਹੋਰ ਕੋਈ ਗੱਲ ਖਿੱਚ ਨਹੀਂ ਪਾਉਂਦੀ। ਉਹ ਨਿਰਮੋਹ ਰਹਿੰਦਾ ਹੈ ਅਤੇ ਕਿਤੇ ਵੀ ਭਟਕਦਾ ਨਹੀਂ । ਉਹੀ ਜਗਿਆਸੂ, ਮਾਇਆ ਰਹਿਤ ਪ੍ਰਭੂ ਨੂੰ ਹਿਰਦੇ ਵਿੱਚ ਵਸਾ ਕੇ, ਸੁਰਤ ਪ੍ਰਭੂ ਚਰਨਾਂ ਵਿੱਚ ਟਿਕਾ ਕੇ, (ਅਨੰਦ ਵਿੱਚ) ਤਾਰੀਆਂ ਲਗਾਉਂਦਾ ਹੈ ਜਿਵੇਂ ਅਕਾਸ਼ ਵਿੱਚ ਪੰਛੀ ਮੌਜ ਵਿੱਚ, ਤਾਰੀਆਂ ਲਗਾਉਂਦੇ ਹਨ :

ਗਗਾ ਗੁਰ ਕੇ ਬਚਨ ਪਛਾਨਾ ॥ ਦੂਜੀ ਬਾਤ ਨ ਧਰਈ ਕਾਨਾ ॥
ਰਹੈ ਬਿਹੰਗਮ ਕਤਹਿ ਨ ਜਾਈ ॥ ਅਗਹ ਗਹੈ ਗਹਿ ਗਗਨ ਰਹਾਈ ॥੯॥
(ਅੰਗ-੩੪੦)

(੨) ਜਿਸ ਮਾਇਆ ਰੂਪ ਮੋਹ ਨੇ ਸਾਰੇ ਸੰਸਾਰ ਨੂੰ (ਅਨੇਕ ਵਿਕਾਰਾਂ ਦੁਆਰਾ) ਠੱਗ ਕੇ ਆਪਣੇ ਵੱਸ ਵਿੱਚ ਕਰ ਰੱਖਿਆ ਹੈ, ਉਸ ਮਾਇਆਵੀ ਠੱਗ ਨੂੰ (ਗੁਰ ਦੇ ਬਚਨ ਕਮਾ ਕੇ) ਕਾਬੂ ਕਰ ਕੇ, ਮਨ ਇੱਕ ਟਿਕਾਣੇ (ਪ੍ਰਭੂ ਚਰਨਾਂ ਵਿੱਚ) ਆ ਟਿਕਦਾ ਹੈ :

ਜਿਨਿ ਠਗਿ ਠਗਿਆ ਸਗਲ ਜਗੁ ਖਾਵਾ ॥
ਸੋ ਠਗੁ ਠਗਿਆ ਠਉਰ ਮਨੁ ਆਵਾ ॥ (ਅੰਗ-੩੪੧)

(੩) ਜਦੋਂ ਇਹ ਮਨ ਸ੍ਵੈ-ਸਰੂਪ ਦੇ ਖੇੜੇ ਵਿੱਚ ਆ ਟਿਕਦਾ ਹੈ ਤਾਂ ਇਸ ਆਲ੍ਹਣੇ (ਪ੍ਰਭੂ-ਚਰਨਾਂ) ਨੂੰ ਛੱਡ ਕੇ ਦਸੀਂ ਪਾਸੀਂ ਨਹੀ ਦੌੜਦਾ। ਖਸਮ-ਪ੍ਰਭੂ ਨਾਲ ਸਾਂਝ ਪਾਕੇ, ਖਿਮਾਂ ਦੇ ਸੋਮੇ ਪ੍ਰਭੂ ਵਿੱਚ ਟਿਕਿਆ ਰਹਿੰਦਾ ਹੈ। ਤਦੋਂ ਉਹ ਨਿਰਲੇਪ ਅਵਸਥਾ ਪ੍ਰਾਪਤ ਕਰ ਲੈਂਦਾ ਹੈ ਜੋ ਕਦੇ ਨਾਸ ਨਹੀ ਹੁੰਦੀ :

ਖਖਾ ਇਹੈ ਖੋੜਿ ਮਨ ਆਵਾ ॥ ਖੋੜੇ ਛਾਡਿ ਨ ਦਹ ਦਿਸ ਧਾਵਾ ॥
ਖਸਮਹਿ ਜਾਣਿ ਖਿਮਾ ਕਰਿ ਰਹੈ॥ ਤਉ ਹੋਇ ਨਿਖਿਅਉ ਅਖੈ ਪਦੁ ਲਹੈ॥
(ਅੰਗ-੩੪੦)

(੪) ਜਦੋਂ ਗੁਰੂ ਦੇ ਸ਼ਬਦ ਅਭਿਆਸ ਅਤੇ ਗੁਰੂ ਦੀ ਬਾਣੀ ਦੁਆਰਾ ਪ੍ਰਭੂ ਦੇ ਗੁਣ ਗਾ ਕੇ ਦਸਵੇਂ ਦੁਆਰ ਦੀ ਕੁੰਜੀ, ਪ੍ਰਭੂ-ਬਖਸ਼ਿਸ਼ ਨਾਲ ਮਿਲਦੀ ਹੈ ਤਾਂ ਉਸ ਦਇਆਲ ਪ੍ਰਭੂ ਦੇ ਦੀਦਾਰ ਦੀ ਬਿਧ ਬਣਦੀ ਹੈ :

ਦਸਵੈ ਦੁਆਰਿ ਕੁੰਚੀ ਜਬ ਦੀਜੈ ॥ ਤਉ ਦਇਆਲ ਕੋ ਦਰਸਨੁ ਕੀਜੈ ॥
(ਅੰਗ-੩੪੧)

(੫) ਹੇ ਭਾਈ ! ਬਾਰ-ਬਾਰ ਭਾਵ ਹਰ ਖਿਨ ਪ੍ਰਭੂ ਨੂੰ ਹਿਰਦੇ ਵਿੱਚ ਵਸਾ। ਐਸਾ ਕਰਨ ਨਾਲ ਮਨੁੱਖਾ ਜੀਵਨ ਦੀ ਬਾਜ਼ੀ ਵਿਅਰਥ ਨਹੀ ਜਾਵੇਗੀ, ਜੀਵਨ ਸਫਲਾ ਹੋ ਜਾਵੇਗਾ। ਜੋ ਪ੍ਰਭੂ ਪਿਆਰਾ, ਨੇਮੀ ਹੋ ਕੇ ਪ੍ਰਭੂ ਦੀ ਉਸਤਤ ਕਰਦਾ ਹੈ ਉਸ ਨੂੰ ਸੱਚ ਦਾ ਭਾਵ ਪ੍ਰਭੂ ਦਾ ਮਿਲਾਪ ਹੋ ਜਾਂਦਾ ਹੈ।

ਜੋ ਜੀਵ ਪ੍ਰਭੂ ਦੇ ਗੁਣਾਂ ਨੂੰ ਵਿਚਾਰ ਕੇ ਚਿੱਤ ਵਿੱਚ ਵਸਾਉਂਦਾ ਹੈ (ਧਾਰਨ ਕਰਦਾ ਹੈ,

ਕਮਾਉਂਦਾ ਹੈ), ਉਸ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਦਿਆਂ ਚਿਰ ਨਹੀ ਲੱਗਦਾ।

ਵਵਾ ਬਾਰ ਬਾਰ ਬਿਸਨ ਸਮ੍ਾਰਿ ॥ ਬਿਸਨ ਸੰਮ੍ਾਰਿ ਨ ਆਵੈ ਹਾਰਿ ॥
ਬਲਿ ਬਲਿ ਜੇ ਬਿਸਨਤਨਾ ਜਸੁ ਗਾਵੈ॥ ਵਿਸਨ ਮਿਲੇ ਸਭ ਹੀ ਸਚੁ ਪਾਵੈ॥
(ਅੰਗ-੩੪੨)

ਖੋਜ ਬੂਝਿ ਜਉ ਕਰੈ ਬੀਚਾਰਾ ॥ ਤਉ ਭਵਜਲ ਤਰਤ ਨ ਲਾਵੈ ਬਾਰਾ ॥
(ਅੰਗ-੩੪੨)

(੬) ਕਬੀਰ ਜੀ ਫ਼ੁਰਮਾਉਂਦੇ ਹਨ ਕਿ (ਪੰਡਿਤ ਲੋਕਾਂ ਨੂੰ ਵੇਦ ਸ਼ਾਸਤ੍ਰ ਪੜ੍ਹਦਿਆਂ ਵੇਖ ਕੇ) ਮੈ ਸਮਝਦਾ ਸੀ ਕਿ ਵਿੱਦਿਆ ਪੜ੍ਹਨੀ (ਮਨੁੱਖਾ ਜਨਮ ਦਾ) ਸਭ ਤੋਂ ਉੱਤਮ ਕਰਮ ਹੋਵੇਗਾ, ਪਰ (ਇਹਨਾਂ ਲੋਕਾਂ ਦੇ ਨਿਰੇ ਵਾਦ ਵਿਵਾਦ ਵੇਖ ਕੇ) ਮੈਨੂੰ ਯਕੀਨ ਆ ਗਿਆ ਹੈ ਕਿ (ਐਸੀ ਵਿੱਦਿਆ ਪੜਨ ਨਾਲੋਂ) ਪ੍ਰਭੂ ਚਰਨਾਂ ਵਿੱਚ ਜੁੜਨਾ ਭਲਾ ਹੈ। ਸੋ ਮੈ ਪਰਮਾਤਮਾ ਦੀ ਭਗਤੀ ਨਹੀ ਛੱਡਾਂਗਾ ਲੋਕ ਭਾਵੇਂ ਮੇਰੀ ਨਿੰਦਿਆ ਹੀ ਕਰਨ :

ਕਬੀਰ ਮੈ ਜਾਨਿਓ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ ॥
ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ ॥ (ਅੰਗ-੧੩੬੬)

(੭) ਕਬੀਰ ਸਾਹਿਬ ਜਗਿਆਸੂ ਨੂੰ ਸਮਝਾਉਂਦੇ ਹਨ ਭਾਈ ! ਪਰਮਾਤਮਾ ਦਾ ਨਾਮ-ਰੂਪ ਧਨ ਇਕੱਠਾ ਕਰ ਜੋ ਨਾਸ ਨਹੀਂ ਹੁੰਦਾ ਹੈ, ਇਸ ਨੂੰ ਅੱਗ ਸਾੜ ਨਹੀ ਸਕਦੀ, ਹਵਾ ਉਡਾ ਕੇ ਨਹੀ ਲਿਜਾ ਸਕਦੀ ਅਤੇ ਚੋਰ (ਬਲੈਕੀਆ) ਇਸ ਦੇ ਨੇੜੇ ਨਹੀ ਆ ਸਕਦਾ ਭਾਵ ਨਾਮ ਧਨ ਨੂੰ ਚੁਰਾ ਨਹੀ ਸਕਦਾ।

ਅਗਨਿ ਨ ਦਹੈ ਪਵਨੁ ਨਹੀ ਮਗਨੈ ਤਸਕਰੁ ਨੇਰਿ ਨ ਆਵੈ ॥
ਰਾਮ ਨਾਮ ਧਨੁ ਕਰਿ ਸੰਚਉਨੀ ਸੋ ਧਨੁ ਕਤ ਹੀ ਨ ਜਾਵੈ ॥੧॥ (ਅੰਗ-੩੩੬)

(੮) ਜਿਵੇਂ ਕਿਸੇ ਕਾਰਜ ਦੀ ਨਿਰਵਿਘਨ ਸੰਪੂਰਨਤਾ ਲਈ (ਪਿਆਰ, ਨਿਮਰਤਾ ਅਤੇ ਸ਼ਰਧਾ ਭਾਵਨਾ ਨਾਲ) ਪਰਮਾਤਮਾ ਨੂੰ ਯਾਦ ਕਰੀਦਾ ਹੈ ਤਾ ਕਿ ਉਹ ਕਾਜ ਸਵਾਰ ਦੇਵੇ, ਉਸੇ ਤਰ੍ਹਾਂ ਹਰ ਵੇਲੇ ਜੇ ਕੋਈ ਉਸ ਪ੍ਰਭੂ ਨੂੰ ਚਿਤਵਦਾ ਹੈ ਤਾਂ ਉਸ ਥਾਂ ਤੇ ਟਿਕ ਜਾਵੇਗਾ ਜਿੱਥੇ ਅਮਰ ਹੋ ਜਾਈਦਾ ਹੈ। ਐਸਾ ਕਰਨ ਨਾਲ ਪ੍ਰਭੂ ਮੁੜ ਉਸ ਇਨਸਾਨ ਵਿੱਚ ਗਵਾਚੇ ਹੋਏ ਗੁਣ ਸੁਰਜੀਤ ਕਰ ਦਿੰਦਾ ਹੈ :

ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ ॥
ਅਮਰਾ ਪੁਰ ਬਾਸਾ ਕਰਹੁ ਹਰਿ ਗਇਆ ਬਹੋਰੈ ਬਿਤ ॥ (ਅੰਗ-੧੩੭੩)

(੯) ਕਬੀਰ ਸਾਹਿਬ ਫ਼ੁਰਮਾਉਂਦੇ ਹਨ ਕਿ ਜੇ ਤੈਨੂੰ ਪ੍ਰਭੂ ਪਿਤਾ ਦੇ ਮਿਲਾਪ ਦੀ ਬਿਧ ਬਣ ਗਈ ਹੈ ਤਾਂ ਫਿਰ ਇਸ ਬਖ਼ਸ਼ਿਸ਼ ਦੀ ਨੁਮਾਇਸ਼ ਨਾ ਕਰਦਾ ਫਿਰ। ਸਗੋਂ ਪ੍ਰੀਤ ਦੀ

ਗਠੜੀ ਹਿਰਦੈ ਵਿੱਚ ਸੰਭਾਲ ਕੇ ਰੱਖ ਕਿਉਂਕਿ ਨਾ ਤਾਂ ਇਸ (ਅਨਮੋਲ ਵਸਤੂ ਨੂੰ) ਕੋਈ ਪਹਿਚਾਨਣ ਵਾਲਾ ਹੈ, ਨਾ ਕੋਈ ਇਸ ਦੀ ਕੀਮਤ ਜਾਣਨ ਜੋਗਾ ਹੈ ਅਤੇ ਨਾ ਹੀ ਖ਼੍ਰੀਦਣ ਦੀ ਭਾਵ ਪ੍ਰਾਪਤੀ ਦੀ ਚਾਹ ਰੱਖਣ ਵਾਲਾ ਹੈ।

ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥

ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥ (ਅੰਗ-੧੩੬੫)

ਉੱਪਰ ਕੀਤੀ ਗਈ ਵਿਚਾਰ ਤੋਂ ਇਹੀ ਸੋਝੀ ਮਿਲਦੀ ਹੈ ਕਿ ਭਗਤ ਕਬੀਰ ਜੀ ਪ੍ਰਭੂ ਦੇ ਨਾਮ ਸਿਮਰਨ ਦੀ ਬਰਕਤ ਦੁਆਰਾ, ਪਰਮਾਤਮਾ ਦੇ ਦਰ ਤੇ ਪ੍ਰਵਾਨ ਚੜ੍ਹੇ ਅਤੇ ਪ੍ਰਭੂ ਦੀ ਬਖਸ਼ਿਸ਼ ਸਦਕਾ ਆਪਣੀ ਬਾਣੀ ਦੁਆਰਾ ਜਗਿਆਸੂਆਂ ਲਈ ਕਰਮ ਕਾਂਡ ਤੋ ਨਿਰਲੇਪ, ਇੱਕ ਅਕਾਲ ਪੁਰਖ ਦੀ (ਨਾਮ-ਸਿਮਰਨ ਦੁਆਰਾ) ਭਗਤੀ ਦਾ ਮਾਰਗ ਸਪੱਸ਼ਟ ਕੀਤਾ। ਜਗਿਆਸੂਆਂ ਲਈ, ਕਬੀਰ ਸਾਹਿਬ ਦੀ ਬਾਣੀ ਅਨੁਸਾਰ, ਇਨਸਾਨੀ ਜਿੰਦਗੀ ਦਾ ਮਨੋਰਥ (ਸ਼ੁੱਭ ਗੁਣ ਧਾਰਨ ਕਰਦੇ ਹੋਏ), ਪਰਮਾਤਮਾ ਦੀ ਭਗਤੀ ਦੁਆਰਾ ਜੀਵਨ ਸਫਲਾ ਕਰਨਾ ਹੈ। ਗੁਰੂ ਸਬਦ (ਗੁਰੂ ਦੀ ਸਿੱਖਿਆ) ਕਮਾਉਣਾ ਅਤੇ ਉਸ ਅਨੁਸਾਰ ਸ਼ੁੱਭ ਕਰਮ ਕਰਕੇ/ਪਰਉਪਕਾਰੀ ਸੁਭਾਅ ਬਣਾ ਕੇ, ਮਨੁੱਖਾ ਜਨਮ ਸਫਲ ਕਰਨਾ ਹੀ ਉੱਚਾ-ਸੁੱਚਾ ਜੀਵਨ ਮਨੋਰਥ ਹੈ। ਕਬੀਰ ਸਾਹਿਬ ਦੇ ਵਿਚਾਰ ਅਨੁਸਾਰ ਅਸਲੀ ਗਰੀਬ (ਸੰਸਾਰਕ ਧਨ ਦੇ ਅਭਾਵ ਵਾਲਾ ਨਹੀ) ਸਗੋਂ ਉਹ ਹੈ ਜਿਸ ਦੇ ਹਿਰਦੇ ਵਿੱਚ ਪ੍ਰਭੂ ਨਾਮ ਨਹੀਂ ਹੈ।

ਕਹਿ ਕਬੀਰ ਨਿਰਧਨੁ ਹੈ ਸੋਈ ॥ ਜਾ ਕੇ ਹਿਰਦੈ ਨਾਮੁ ਨ ਹੋਈ ॥੪॥

ਜਗਿਆਸੂ/ਗੁਰਸਿੱਖਾਂ ਲਈ ਇਹੀ ਜੁਗਤ ਗੁਰੂ ਸਾਹਿਬ ਬਖਸ਼ਦੇ ਹਨ ਕਿ ਰਹਿਤ ਮਰਿਯਾਦਾ ਅਨੁਸਾਰ ਅੰਮ੍ਰਿਤ ਛਕ ਕੇ, ਨਿੱਤਨੇਮੀ ਬਣਨਾ, ਗੁਰਬਾਣੀ ਦਾ ਪਾਠ ਕਰਕੇ ਵਿਚਾਰ ਕੇ ਜੀਵਨ ਉਸ ਅਨੁਸਾਰ ਢਾਲਣਾ ਹੈ ਗੁਰੂ ਦੇ ਗੁਰਮੰਤ੍ਰ (ਵਾਹਿਗੁਰੂ) ਨੂੰ ਕਮਾਉਣਾ (ਹਿਰਦੇ ਵਿੱਚ ਵਸਾਉਣਾ) ਹੈ। ਇਸ ਤਰ੍ਹਾਂ ਪ੍ਰਭੂ ਪਿਤਾ ਦੀ ਬਖਸ਼ਿਸ਼ ਦੇ ਪਾਤਰ ਬਣ ਕੇ ਨਾਮ ਦੀ ਪ੍ਰਾਪਤੀ ਕਰਨੀ ਹੈ ਜਿਸ (ਪ੍ਰਭੂ-ਨਾਮ) ਬਾਰੇ ਗੁਰੂ ਸਾਹਿਬ ਨੇ ਸੋਝੀ ਬਖਸ਼ੀ ਹੈ "ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥" ਅਤੇ ਇਹ ਵੀ ਸਪਸ਼ਟਤਾ ਪ੍ਰਦਾਨ ਕੀਤੀ ਹੈ ਕਿ "ਨਾਨਕ ਕੈ ਘਰਿ ਕੇਵਲ ਨਾਮੁ ॥"

-o-o-

# ਚੌਂਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ

ਡਾ.ਗੁਰਬਚਨ ਸਿੰਘ, ਮੋ : ੯੮੭੮੧-੪੯੫੧੧

## ਬੁੰਗੇ

ਅਗਸਤ ਮਹੀਨੇ ਦੇ ਅੰਕ ਵਿੱਚ ਅਸੀਂ ਚੌਕੀਆਂ ਤੇ ਝੰਡਿਆਂ ਬਾਰੇ ਜਾਣਕਾਰੀ ਦਿੱਤੀ ਸੀ ਇਸ ਅੰਕ ਵਿੱਚ ਬੁੰਗਿਆਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ।

ਬੁੰਗਾ, ਫਾਰਸੀ ਦਾ ਸ਼ਬਦ ਹੈ ਜਿਸ ਦਾ ਅਰਥ ਰਹਿਣ ਵਾਲੀ ਥਾਂ ਹੈ। ਸਿੱਖ ਜਗਤ ਵਿੱਚ ਇਹ ਸ਼ਬਦ ਗੁਰਧਾਮਾਂ ਦੀ ਯਾਤਰਾ ਕਰਨ ਆਏ ਸ਼ਰਧਾਲੂਆਂ ਦੀ ਆਰਾਮਗਾਹ ਅਤੇ ਉਨ੍ਹਾਂ ਦੇ ਸਾਮਾਨ ਰੱਖਣ ਵਾਲੀ ਥਾਂ ਲਈ ਵਰਤਿਆ ਜਾਂਦਾ ਹੈ। ਇਹ ਬੁੰਗੇ ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਬਣਾਏ ਗਏ ਸਨ। ਇਨ੍ਹਾਂ ਬੁੰਗਿਆਂ ਦਾ ਮੁੱਢ ਤਾਂ ਗੁਰੂ ਰਾਮਦਾਸ ਸਾਹਿਬ ਜੀ ਦੇ ਸਮੇਂ ਤੋਂ ਹੀ ਆਰੰਭ ਹੋ ਗਿਆ ਸੀ। ਉਸ ਸਮੇਂ ਯਾਤਰੂਆਂ ਦੇ ਠਹਿਰਣ ਲਈ ਛੋਟੀਆਂ ਝੁੰਗੀਆਂ ਅਤੇ ਨਿੱਕੇ ਨਿੱਕੇ ਕਮਰੇ ਸਨ ਪਰ ਇਨ੍ਹਾਂ ਨੂੰ ਬੁੰਗੇ ਨਹੀਂ ਕਿਹਾ ਜਾਂਦਾ ਸੀ। ਬਾਅਦ ਵਿੱਚ ਇਨ੍ਹਾਂ ਥਾਵਾਂ ਤੇ ਵਿਸ਼ਾਲ ਭਵਨ ਬਣਾਏ ਗਏ ਅਤੇ ਉਨ੍ਹਾਂ ਨੂੰ ਬੁੰਗੇ ਕਿਹਾ ਜਾਣ ਲੱਗਾ। ਅਠਾਰਵੀਂ ਸਦੀ ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਵਿੱਚ ਤਬਾਹੀ ਮਚਾਈ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਹੋਈ ਤੇ ਇਹ ਬੁੰਗੇ ਵੀ ਢਾਹ ਦਿੱਤੇ ਗਏ। ਫਿਰ ਜਦੋਂ ਦਲ ਖਾਲਸੇ ਦੀ ਫੌਜੀ ਤਾਕਤ ਸਥਿਰ ਹੋਈ ਅਤੇ ਸ੍ਰੀ ਅੰਮ੍ਰਿਤਸਰ ਤੇ ਉਨ੍ਹਾਂ ਦਾ ਅਧਿਕਾਰ ਹੋ ਗਿਆ ਤਾਂ ਹਰਿਮੰਦਰ ਸਾਹਿਬ ਦੀ ਸੁਰੱਖਿਆ ਲਈ ਬੁੰਗੇ ਉਸਾਰਨ ਦੀ ਯੋਜਨਾ ਬਣਾਈ ਗਈ। ਅਠਾਰਵੀਂ ਸਦੀ ਦੇ ਅੰਤ ਤਕ ਪ੍ਰਮੁੱਖ ਸਰਦਾਰਾਂ ਦੀ ਸਰਪ੍ਰਸਤੀ ਹੇਠ ਕਾਫੀ ਬੁੰਗੇ ਉਸਾਰੇ ਗਏ। ਸਭ ਤੋਂ ਪਰਾਤਨ ਅਤੇ ਮਹੱਤਵ ਪੂਰਨ ਅਕਾਲ ਬੁੰਗਾ ਸੀ। ਇਸ ਦੀ ਸਥਾਪਨਾ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ੧੬੦੯ ਈ.ਵਿੱਚ ਕੀਤੀ। ਇਹ ਉਹ ਅਸਥਾਨ ਹੈ ਜਿਥੇ ਛੇਵੇਂ ਪਾਤਸਾਹ ਗੁਰਗੱਦੀ ਤੇ ਬਿਰਾਜਮਾਨ ਹੋਏ ਅਤੇ ਉਨ੍ਹਾਂ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਸ ਥਾਂ ਤੇ ਹੀ ਅਕਾਲ ਤਖਤ ਸੋਭਾ ਦੇ ਰਿਹਾ ਹੈ। ਅਕਾਲ ਬੁੰਗਾ ਗੁਰੂ ਕਾਲ ਤੋਂ ਹੀ ਸਿੱਖਾਂ ਦੇ ਇਕੱਤ੍ਰ ਹੋਣ ਦਾ ਵਿਸ਼ੇਸ਼ ਸਥਾਨ ਬਣ ਗਿਆ ਸੀ ਜਿਥੇ ਕਿ ਸਿੱਖ ਕੌਮ ਦੇ ਮਸਲੇ ਵਿਚਾਰੇ ਜਾਂਦੇ ਸਨ। ਅਠਾਰਵੀਂ ਸਦੀ ਵਿੱਚ ਤਾਂ ਅਕਾਲ ਬੁੰਗੇ ਨੇ ਸਿੱਖ ਰਾਜਨੀਤੀ ਵਿੱਚ ਵਡਮੁੱਲਾ ਯੋਗਦਾਨ ਪਾਇਆ, ਇਥੇ ਸਰਬੱਤ ਖਾਲਸੇ ਦਾ ਇਕੱਠ ਹੁੰਦਾ ਸੀ, ਗੁਰਮੱਤੇ ਪਾਸ ਕੀਤੇ ਜਾਂਦੇ ਸਨ

ਅਤੇ ਖਾਲਸੇ ਦੇ ਦੁਸ਼ਮਣਾਂ ਵਿਰੁੱਧ ਸੰਗਠਿਤ ਕਾਰਵਾਈ ਕਰਨ ਲਈ ਵਿਉਂਤਾਂ ਬਣਾਈਆਂ ਜਾਂਦੀਆਂ ਸਨ। ਜਿੱਤ ਵਿੱਚ ਪ੍ਰਾਪਤ ਹੋਇਆ ਧਨ ਦੌਲਤ, ਅਕਾਲ ਬੁੰਗੇ ਤੇ ਇਕੱਠਾ ਕੀਤਾ ਜਾਂਦਾ ਸੀ, ਗੁਰੂ ਨਮਿੱਤ ਦਸਵੰਧ ਕੱਢ ਕੇ ਬਾਕੀ ਮਿਸਲਾਂ ਦੇ ਜਾਂ ਜੱਥਿਆਂ ਦੇ ਹਿੱਸੇ ਆਉਂਦਾ ਵੰਡਿਆ ਜਾਂਦਾ ਸੀ। ਫਿਰ ਮੁਹਿੰਮਾਂ ਵਿੱਚ ਫਤਿਹ ਕੀਤੇ ਇਲਾਕਿਆਂ ਦਾ ਵੇਰਵਾ ਦਿੱਤਾ ਜਾਂਦਾ ਸੀ ਅਤੇ ਇਸ ਨੂੰ ਵੱਖ ਵੱਖ ਸਿੰਘ ਸਰਦਾਰਾ ਦੀਆਂ ਮਿਸਲਾਂ (ਫਾਈਲਾਂ) ਵਿੱਚ ਦਰਜ਼ ਕੀਤਾ ਜਾਂਦਾ ਸੀ। ਇਹ ਮਿਸਲਾਂ ਅਕਾਲ ਬੁੰਗੇ ਤੇ ਹੀ ਰੁੱਖੀਆਂ ਜਾਂਦੀਆਂ ਸਨ। ਇਹ ਸਭ ਰਿਕਾਰਡ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਨਿਗਰਾਨੀ ਹੇਠ ਤਿਆਰ ਕੀਤਾ ਤੇ ਸਾਂਭਿਆ ਜਾਂਦਾ ਸੀ। ਜੱਥੇਦਾਰ ਆਹਲੂਵਾਲੀਆ ਇੱਕ ਸੂਰਬੀਰ ਜਰਨੈਲ ਹੋਣ ਦੇ ਨਾਲ ਨਾਲ ਫਾਰਸੀ ਭਾਸ਼ਾ ਦੇ ਆਲਮ ਵੀ ਸਨ। ਇਸੇ ਤਰ੍ਹਾਂ ਹੋਰ ਬੁੰਗਿਆ ਨੇ ਵੀ ਦਰਬਾਰ ਸਾਹਿਬ ਦੇ ਇਤਿਹਾਸ, ਸਿੱਖਾਂ ਦੇ ਰਾਜਸੀ ਸੰਗਠਨ, ਸਾਹਿਤ ਦੀ ਪ੍ਰਫੁੱਲਤਾ, ਵਿਦਿਆ ਦੇ ਪ੍ਰਚਾਰ, ਕੀਰਤਨ ਪਸਾਰ ਅਤੇ ਦੇਸੀ ਦਵਾਈਆਂ ਵੰਡਣ ਵਿੱਚ ਬਹੁਤ ਵੱਡਾ ਹਿੱਸਾ ਪਾਇਆ।

ਇਨ੍ਹਾਂ ਬੁੰਗਿਆਂ ਨੂੰ ਤਿੰਨ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ :

੧. ਮਿਸਲਾਂ ਦੇ ਨਾਮ ਵਾਲੇ ਬੁੰਗੇ ਜਿਵੇਂ ਰਾਮਗੜੀਆ, ਆਹਲੂਵਾਲੀਏ, ਬੁੰਗੇ।

੨. ਵੱਖੋ ਵਖਰੇ ਸਰਦਾਰਾਂ ਦੇ ਨਿਜੀ ਨਾਮ ਵਾਲੇ ਬੁੰਗੇ ਜਿਵੇਂ ਬੁੰਗਾ ਤਾਰਾ ਸਿੰਘ ਗੈਬਾ, ਬੁੰਗਾ ਬਘੇਲ ਸਿੰਘ ਆਦਿਕ।

੩. ਵੱਖੋ ਵੱਖਰੀਆਂ ਸੰਪ੍ਰਦਾਵਾਂ ਦੇ ਬੰਗੇ ਜਿਵੇਂ ਕਿ ਉਦਾਸੀ, ਨਿਰਮਲੇ, ਸੇਵਾ ਪੰਥੀ ਆਦਿਕ।

ਬੁੰਗਿਆਂ ਵਿੱਚ ਨਿਵਾਸ ਕਰਕੇ ਸਿੱਖ ਵਿਦਵਾਨਾਂ, ਕਵੀਆਂ ਅਤੇ ਇਤਿਹਾਸਕਾਰਾਂ ਨੇ ਵੱਡਮੁਲੀ ਰਚਨਾ ਕੀਤੀ। ਭਾਈ ਕਾਨ੍ਹ ਸਿੰਘ ਨਾਭਾ ਨੇ ਇਹ ਜਾਣਕਾਰੀ ਮਹਾਨ ਕੋਸ਼ ਵਿੱਚ ਅੰਕਿਤ ਕੀਤੀ ਹੈ। ਸੰਤ ਨਿਹਾਲ ਸਿੰਘ (ਦੂਜਾ) ਨੇ ਬੁੰਗਾ ਸੋਹਲਾਵਾਲੀਏ ਦੀ ਸਾਂਭ ਸੰਭਾਲ ਕਰਦੇ ਹੋਏ ਕਾਵਿੰਦਰ ਪ੍ਰਕਾਸ ਨਾਮੀ ਗ੍ਰੰਥ ਲਿਖਿਆ। ਅਗੋਂ ਉਨ੍ਹਾਂ ਦੇ ਚੇਲੇ ਜਿਨ੍ਹਾਂ ਦਾ ਨਾਮ ਵੀ ਨਿਹਾਲ ਸਿੰਘ ਹੀ ਸੀ ਇੱਕ ਉਘੇ ਵਿੱਦਵਾਨ ਹੋਏ। ਭਾਈ ਸੰਤ ਸਿੰਘ ਗਿਆਨੀ ਬੁੰਗਾ ਗਿਆਨੀਆ ਵਿੱਚ ਰਹਿੰਦੇ ਰਹੇ ਜਿਨ੍ਹਾਂ ਨੇ ਰਾਮ ਚਰਿਤ ਮਾਨਸ ਰਚਿੱਤ ਤੁਲਸੀ ਦਾਸ ਦੀ ਸਰਲ ਵਿਆਖਿਆ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਗਿਆਨੀ ਸੰਤ ਸਿੰਘ ਨੂੰ ਦਰਬਾਰ ਸਾਹਿਬ ਦਾ ਮੁੱਖ ਗ੍ਰੰਥੀ ਨਿਯੁਕਤ ਕੀਤਾ ਜਿਨ੍ਹਾਂ ਦੀ ਦੇਖ ਰੇਖ ਹੇਠ ਹਰਿਮੰਦਰ ਸਾਹਿਬ ਤੇ ਸੋਨਾ ਚਾੜ੍ਹਨ ਦੀ ਸੇਵਾ ਕੀਤੀ ਗਈ। ਭਾਈ ਸੰਤੋਖ ਸਿੰਘ ਹਰੀ ਨੇ ਘੜਿਆਲ

ਵਾਲੇ ਬੁੱਗੇ ਵਿੱਚ ਰਹਿ ਕੇ ਗੁਰੂ ਕਵਿਤਾ ਮਾਨਕਿਆ ਮਨਜੂਸ ਦੀ ਰਚਨਾ ਕੀਤੀ। ਬ੍ਰਿਜ ਭਾਸ਼ਾ ਦੇ ਉੱਘੇ ਵਿਦਵਾਨ ਭਾਈ ਬੁੱਧ ਸਿੰਘ ਸ਼ਹੀਦੀ ਬੁੰਗੇ ਵਿੱਚ ਰਹਿੰਦੇ ਰਹੇ। ਪ੍ਰਸਿੱਧ ਇਤਿਹਾਸਕਾਰ ਰਤਨ ਸਿੰਘ ਭੰਗੂ ਨੇ ਆਪਣੀ ਰਚਨਾ ਪ੍ਰਾਚੀਨ ਪੰਥ ਪ੍ਰਕਾਸ਼, ਬੁੰਗਾ ਸ਼ਾਮ ਸਿੰਘ ਕਰੋਰ ਸਿੰਘੀਆ ਵਿੱਚ ਬੈਠ ਕੇ ਕੀਤੀ।

ਉਦਾਸੀ ਬੁੰਗਾ, ਬਾਬਾ ਪ੍ਰੀਤਮ ਦਾਸ ਅਤੇ ਭਾਈ ਬਸਤੀ ਰਾਮ ਵਿੱਚ ਟਕਸਾਲਾਂ ਚਲਦੀਆਂ ਸਨ ਜਿੱਥੇ ਸੰਸਕ੍ਰਿਤ ਪੜ੍ਹਾਈ ਜਾਂਦੀ ਸੀ। ਉਦਾਸੀ ਬੁੰਗਾ, ਹੁਕਮ ਸਿੰਘ ਅਤੇ ਬੁੰਗਾ ਆਗਿਆ ਰਾਮ ਵਿੱਚ ਪਾਠਸ਼ਾਲਾ ਸੀ, ਜਿੱਥੇ ਸੰਸਕ੍ਰਿਤ ਅਤੇ ਗੁਰਮੁਖੀ ਪੜ੍ਹਾਈ ਜਾਂਦੀ ਸੀ। ਮਲਵਈ ਬੁੰਗੇ ਵਿੱਚ ਵੇਦਾਂਤ ਦੀ ਪੜ੍ਹਾਈ ਕਰਾਈ ਜਾਂਦੀ ਸੀ। ਕਪੂਰਥਲਾ ਬੁੰਗੇ ਦੇ ਸੰਤ ਚੰਦਾ ਸਿੰਘ, ਦਇਆ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਬੋਧ ਦੀ ਸਿੱਖਿਆ ਦਿੰਦੇ ਸਨ। ਇਸ ਬੁੰਗੇ ਤੋਂ ਹੀ ਭਾਈ ਸੰਤੋਖ ਸਿੰਘ ਕਰਤਾ ਗੁਰੂ ਪ੍ਰਤਾਪ ਸੂਰਜ ਗ੍ਰੰਥ ਨੇ ਪੜ੍ਹਾਈ ਕੀਤੀ। ਇਸ ਬੁੰਗੇ ਦੇ ਹੀ ਇੱਕ ਹੋਰ ਵਿਦਿਆਰਥੀ ਭਾਈ ਰਾਮ ਸਿੰਘ ਨੇ ਗੁਰਮੁਖੀ ਦੀ ਪਾਠਸ਼ਾਲਾ ਖੋਲੀ ਹੋਈ ਸੀ। ਬੁੰਗਾ ਰਾਗੀਆਂ ਦੇ ਮਹਾਨ ਰਾਗੀ ਭਾਈ ਚੜ੍ਹਤ ਸਿੰਘ, ਰਾਗੀ ਧਨਪੱਤ ਸਿੰਘ ਗੁਰਬਾਣੀ ਕੀਰਤਨ ਦੀ ਸਿਖਲਾਈ ਦਿੰਦੇ ਸਨ। ਆਹਲੂਵਾਲੀਆ ਬੁੰਗਾ ਕੀਰਤਨ ਸਿਖਲਾਈ ਦਾ ਕੇਂਦਰ ਸੀ, ਜਿੱਥੇ ਰਬਾਬ, ਸਰੰਗੀ, ਮਿਰਦੰਗ ਆਦਿ ਸਾਜ ਵਜਾਉਣ ਦੀ ਸਿਖਲਾਈ ਦਿੱਤੀ ਜਾਂਦੀ ਸੀ। ਸਿੰਘਪੁਰੀਆ ਬੁੰਗੇ ਵਿੱਚ ਗੁਰਮੁਖੀ ਦੀ ਸੁੰਦਰ ਲਿਖਾਈ ਦੀ ਟ੍ਰੇਨਿੰਗ ਦਿੱਤੀ ਜਾਂਦੀ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਲਿਖੀਆਂ ਜਾਂਦੀਆਂ ਸਨ। ਜਲ੍ਹਿਆਂਵਾਲਾ ਬੁੰਗਾ ਚਮੜੀ ਦੀ ਦੁਆਈ ਲਈ ਪ੍ਰਸਿੱਧ ਸੀ। ਘੜਿਆਲ ਵਾਲਾ ਬੁੰਗਾ ਸ੍ਰੀ ਹਰਿਮੰਦਰ ਸਾਹਿਬ ਵਿਚਲੀਆਂ ਸੇਵਾਵਾਂ ਨੂੰ ਸਮਾਂ ਬੱਧ ਕਰਨ ਲਈ ਸਮੇਂ ਦੀ ਸੂਚਨਾ ਦਿੰਦਾ ਸੀ।

ਹਰੇਕ ਬੁੰਗੇ ਵਿੱਚ ਇੱਕ ਅਧਿਕਾਰੀ ਹੁੰਦਾ ਸੀ ਜੋ ਕਿ ਸਾਰਾ ਇੰਤਜਾਮ ਸੰਭਾਲਦਾ ਸੀ, ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਗੁਰਬਾਣੀ ਪਾਠ, ਯਾਤਰੂਆਂ ਦੇ ਰਹਿਣ ਦਾ ਪ੍ਰਬੰਧ ਆਦਿ ਕਰਦਾ ਸੀ। ਉਸ ਨੂੰ ਬੁੰਗਈ ਕਿਹਾ ਜਾਂਦਾ ਸੀ। ਜਦੋਂ ਮਿਸਲਾਂ ਵਾਲੇ ਸਰਦਾਰ ਸ੍ਰੀ ਅੰਮ੍ਰਿਤਸਰ ਆਉਂਦੇ ਤਾਂ ਬੁੰਗਈਆਂ ਨੂੰ ਮਾਇਆ ਭੇਟ ਕਰਦੇ ਅਤੇ ਮਠਿਆਈ ਬਗੈਰਾ ਦੇ ਜਾਂਦੇ ਸਨ। ਦਰਬਾਰ ਸਾਹਿਬ ਦਾ ਸਰਬਰਾਹ ਸਮੇਂ-ਸਮੇਂ ਬੁੰਗਈਆਂ ਨੂੰ ਪ੍ਰਬੰਧ ਸੰਬੰਧੀ ਹਦਾਇਤਾਂ ਜਾਰੀ ਕਰਦਾ ਸੀ।

ਸੰਨ ੧੯੨੫ ਵਿੱਚ ਗੁਰਦੁਆਰਾ ਐਕਟ ਬਣਨ ਤੋਂ ਬਾਅਦ ਸਾਰੇ ਬੁੰਗੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੋ ਗਏ ਸਨ। ਬੁੰਗਿਆਂ ਦੇ ਮਾਲਕਾਂ ਨੇ

ਗੁਰਦੁਆਰਾ ਟ੍ਰੀਬੀਊਨਲ ਵਿੱਚ ਇਸ ਦੇ ਵਿਰੋਧ ਵਿੱਚ ਮੁਕੱਦਮਾ ਦਰਜ਼ ਕਰਵਾਇਆ। ਇਸ ਦਾ ਫੈਸਲਾ ਬੁੰਗਿਆ ਦੇ ਮਾਲਕਾਂ ਦੇ ਹੱਕ ਵਿੱਚ ਹੋ ਗਿਆ। ਪਰ ਬਾਅਦ ਵਿੱਚ ਇਹ ਫੈਸਲਾ ਪੰਜਾਬ ਹਾਈ ਕੋਰਟ ਨੇ ਰੱਦ ਕਰ ਦਿੱਤਾ। ਸੰਨ ੧੯੪੩ ਵਿੱਚ ਸ੍ਰੋ.ਗੁ.ਪ੍ਰ.ਕਮੇਟੀ ਨੇ ਪ੍ਰਕਰਮਾਂ ਨੂੰ ਚੌੜਿਆਂ ਕਰਨ ਸਮੇਂ ਸਾਰੇ ਬੁੰਗੇ ਢਾਹ ਦਿੱਤੇ। ਅੱਜ ਕਲ ਸਿਰਫ ਰਾਮਗੜੀਆਂ ਬੁੰਗਾ ਤੇ ਬੁੰਗਾ ਅਖਾੜਾ ਬ੍ਰਹਮ ਬੂਟਾ ਬਾਕੀ ਹਨ। ਬ੍ਰਹਮ ਅਖਾੜਾ ਬੁੰਗਾ ਕਮੇਟੀ ਦੇ ਅਧੀਨ ਨਹੀਂ ਹੈ। ਪੁਰਾਤਨ ਬੁੰਗਿਆਂ ਦੀ ਸੂਚੀ ਗਿਆਨੀ ਗਿਆਨ ਸਿੰਘ ਪ੍ਰਸਿੱਧ ਇਤਿਹਾਸਕਾਰ ਨੇ ਤਵਾਰੀਖ ਸੀ ਅੰਮ੍ਰਿਤਸਰ ਵਿੱਚ ਹੇਠ ਲਿਖੇ ਅਨੁਸਾਰ ਦਿੱਤੀ ਹੈ :

## ਹਰਿਮੰਦਰ ਸਾਹਿਬ ਦੇ ਚੜ੍ਹਦੇ ਪਾਸੇ ਵਾਲੇ ਬੁੰਗੇ।

ਬੁੰਗਾ ਅਖਾੜਾ ਬ੍ਰਹਮ ਬੂਟਾ ਮਹੰਤ ਸੰਤੋਖ ਦਾਸ, ਸੰਨ ੧੭੫੫, ਬੁੰਗਾ ਰਾਮ ਸਿੰਘ ਗਿਆਨੀ, ਸੰਨ ੧੭੭੮, ਬੁੰਗਾ ਰਾਮਗੜ੍ਹੀਆ ਜੱਥੇਦਾਰ ਜੱਸਾ ਸਿੰਘ, ਸੰਨ ੧੭੫੫, ਬੁੰਗਾ ਬੂੜੀਏ ਵਾਲੇ ਸਰਦਾਰਾਂ ਦਾ, ਸੰਨ ੧੭੭੧, ਬੁੰਗਾ ਜੇਠੂ ਵਾਲੀਆ, ਸੰਨ ੧੭੭੮, ਬੁੰਗਾ ਮਜ਼੍ਹਬੀ ਸਿੰਘ, ਸੰਨ ੧੭੭੭, ਬੁੰਗਾ ਭਾਈ ਵਸਤੀ ਰਾਮ, ਸੰਨ ੧੮੧੩, ਬੁੰਗਾ ਜਵਾਲਾ ਸਿੰਘ ਭੜਾਣੀਆਂ, ਸੰਨ ੧੮੦੮, ਬੁੰਗਾ ਸੰਤ ਜੋਗਾ ਸਿੰਘ ਨਿਰਮਲ, ਸੰਨ ੧੭੫੦, ਬੁੰਗਾ ਟੇਕ ਸਿੰਘ ਵਾਲਾ, ਸੰਨ ੧੮੦੩

## ਦੱਖਣੀ ਪਾਸੇ ਵਾਲੇ ਬੁੰਗੇ

ਬੁੰਗਾ ਸਰਦਾਰਾ ਸੋਹਲਾਂ ਵਾਲੀਏ, ਸੰਨ ੧੭੮੫, ਬੁੰਗਾ ਬੁੱਧ ਸਿੰਘ ਵਾਲਾ, ਸੰਨ ੧੭੯੦, ਬੁੰਗਾ ਸੋਹੀਆਂ ਵਾਲਾ, ਸੰਨ ੧੮੦੬, ਸ਼ਹੀਦ ਬੁੰਗਾ, ਸੰਨ ੧੭੬੪, ਬੁੰਗਾ ਕੇਸਗੜੀਆਂ, ਸੰਨ ੧੭੬੫, ਬੁੰਗਾ ਅਨੰਦਪੁਰੀਆਂ, ਸੰਨ ੧੭੬੭, ਬੁੰਗਾ ਦਸੌਂਧਾ ਸਿੰਘ ਸਿੱਧਵਾਂ, ਸੰਨ ੧੭੬੭, ਬੁੰਗਾ ਝਬਾਲੀਆਂ, ਸੰਨ ੧੭੮੮, ਬੁੰਗਾ ਕਾਲਿਆਂ ਵਾਲੇ ਸਰਦਾਰਾਂ ਦਾ, ਸੰਨ ੧੭੯੫, ਬੁੰਗਾ ਤਾਰਾ ਸਿੰਘ ਗੈਬਾ, ਸੰਨ ੧੭੬੫, ਬੁੰਗਾ ਤਾਰਾ ਸਿੰਘ ਕਾਹਨ ਸਿੰਘ ਮਾਨ, ਸੰਨ ੧੭੬੫, ਬੁੰਗਾ ਭੰਗਾ ਸਿੰਘ ਥਨੇਸਰੀ, ਸੰਨ ੧੭੬੨, ਬੁੰਗਾ ਮੱਜਾ ਸਿੰਘ ਸਾਹਨੇ ਵਾਲੀਆ, ਸੰਨ ੧੭੫੬, ਬੁੰਗਾ ਬਘੇਲ ਸਿੰਘ ਸੰਨ ਸੰਨ ੧੭੬੪, ਬੁੰਗਾ ਮੀਰ ਕੋਟੀਆਂ ਸੰਨ ੧੭੯੧, ਬੁੰਗਾ ਸ਼ਾਮ ਸਿੰਘ ਅਟਾਰੀ ਵਾਲਾ ਸੰਨ ੧੭੯੮, ਬੁੰਗਾ ਜੱਸਾ ਸਿੰਘ ਨਿਰਮਲਾ ਸੰਨ ੧੭੬੪, ਬੁੰਗਾ ਲੱਖਾ ਸਿੰਘ ਨਿਰਮਲਾ ਸੰਨ ੧੭੯੪, ਬੁੰਗਾ ਚੜ੍ਹਤ ਸਿੰਘ ਰਾਗੀ ਸੰਨ ੧੭੯੩, ਬੁੰਗਾ ਜੋਧ ਸਿੰਘ ਸਉੜੀਆ ਵਾਲਾ ਸੰਨ ੧੭੬੪, ਬੁੰਗਾ ਜਵਾਲਾ ਸਿੰਘ ਭੜਾਣੀਆਂ ਸੰਨ ੧੮੧੦, ਬੁੰਗਾ ਕਬੂਲੇ ਵਾਲੀਆ ਸੰਨ ੧੭੭੪

## ਪੱਛਮੀ ਪਾਸੇ ਵਾਲੇ ਬੁੰਗੇ

ਬੁੰਗਾ ਜਲ੍ਹਿਆ ਵਾਲਾ ਸੰਨ ੧੭੭੩, ਬੁੰਗਾ ਸ਼ਾਹਬਾਦੀਆਂ, ਬੁੰਗਾ ਮਜੀਠੀਆਂ ਸੰਨ ੧੮੧੩, ਬੁੰਗਾ ਸਿੰਘ ਪੁਰੀਆਂ ਸੰਨ ੧੮੦੩, ਬੁੰਗਾ ਸਿੰਘ ਪੁਰੀਆਂ ਦੂਜਾ ਸੰਨ ੧੮੦੮, ਬੁੰਗਾ ਗੱਦੋਵਾਲੀਆਂ ਸੰਨ ੧੭੯੩, ਬੁੰਗਾ ਜਮੇਂਦਾਰਾਂ ਸੰਨ ੧੮੧੪, ਬੁੰਗਾ ਘਨੱਯਾ ਸਰਦਾਰਾਂ ਦਾ ਸੰਨ ੧੭੫੨, ਬੁੰਗਾ ਰਾਜਾ ਧਿਆਨ ਸਿੰਘ ਸੰਨ ੧੮੨੪, ਬੁੰਗਾ ਬਾਰਾਂਦਰੀ ਵਾਲਾ ੧੭੭੦, ਬੁੰਗਾ ਅਕਾਲ ੧੮੦੮, ਬੁੰਗਾ ਜੋਧ ਸਿੰਘ ਛਾਪਾ ਵਾਲਾ ੧੭੯੩, ਬੁੰਗਾ ਭਾਗ ਸਿੰਘ ਸ਼ਹੀਦ ਵਾਲਾ ੧੭੬੫, ਬੁੰਗਾ ਦੇਵਾ ਸਿੰਘ ਸ਼ਹੀਦ ੧੭੬੫, ਬੁੰਗਾ ਰਾਗੀ ਧਨਪਤਿ ਸਿੰਘ ੧੭੭੩, ਬੁੰਗਾ ਜਰਨੈਲ ਮੀਹਾਂ ਸਿੰਘ ੧੮੧੪, ਬੁੰਗਾ ਭਾਈ ਗੁਰਦਾਸ ਸਿੰਘ ਗਿਆਨੀ ੧੮੦੪, ਬੁੰਗਾ ਅਭੈ ਸਿੰਘ ਹੁਕਮਨਾਮੀਆ ੧੮੦੧, ਬੁੰਗਾ ਨਕਈ ਸ੍ਰਦਾਰਾਂ ਵਾਲਾ ੧੭੯੦, ਬੁੰਗਾ ਬਰਕੀ ਵਾਲਿਆਂ ਦਾ ੧੭੭੯, ਬੁੰਗਾ ਘੜਿਆਲੀਆਂ ਵਾਲਾ ੧੭੮੪, ਬੁੰਗਾ ਜੰਡਾ ਬੁੰਗਾ ੧੭੮੩, ਬੁੰਗਾ ਚਮਾਰੀ ਵਾਲੇ ਸਰਦਾਰਾਂ ਦਾ, ਸੰਨ ੧੭੮੪, ਬੁੰਗਾ ਖੰਡੂਰੀਆਂ, ਸੰਨ ੧੭੮੩, ਬੁੰਗਾ ਸਿਆਲ ਕੋਟੀਆਂ, ਸੰਨ ੧੭੯੩, ਬੁੰਗਾ ਗੋਇੰਦ ਵਾਲੀਆ, ਸੰਨ ੧੭੯੩, ਬੁੰਗਾ ਚੀਚੇ ਵਾਲਾ ਸਰਦਾਰਾ ਦਾ, ਸੰਨ ੧੭੯੯, ਬੁੰਗਾ ਸ਼ੁਕਰਚਕੀਏ ਸਰਦਾਰਾ ਦਾ, ਸੰਨ ੧੭੮੧ (ਬੁੰਗਾ ਮਹਾਰਾਜਾ ਰਣਜੀਤ ਸਿੰਘ/ਬੁੰਗਾ ਸਰਕਾਰ)

## ਉੱਤਰੀ ਪਾਸੇ ਵਾਲੇ ਬੁੰਗੇ

ਬੁੰਗਾ ਘੰਟਾ ਘਰ, ਸੰਨ ੧੮੬੭, ਬੁੰਗਾ ਸੋਢੀਆਂ ਅਨੰਦਪੁਰੀਆਂ ਦਾ, ਸੰਨ ੧੭੯੩, ਬੁੰਗਾ ਕਾਹਨ ਸਿੰਘ ਨਿਰਮਲਾ, ਸੰਨ ੧੭੨੫, ਬੁੰਗਾ ਰਾਗੀ ਕਾਹਨ ਸਿੰਘ, ਸੰਨ ੧੮੦੭, ਬੁੰਗਾ ਨੂਰ ਮਹੱਲੀਆ, ਸੰਨ ੧੮੧੩, ਬੁੰਗਾ ਆਹਲੂਵਾਲੀਆ, ਸੰਨ ੧੮੦੪, ਬੁੰਗਾ ਮਲਵਈਆਂ, ਸੰਨ ੧੭੯੮, ਬੁੰਗਾ ਭਾਈ ਸਾਹਿਬਾਨ ਕੈਂਥਲ, ਸੰਨ ੧੮੦੬, ਬੁੰਗਾ ਜਲੇਵਾਲਿਆਂ ਸਰਦਾਰਾਂ ਦਾ, ਸੰਨ ੧੮੧੧

ਅਜ ਕੱਲ੍ਹ ਭਾਵੇਂ ਪੁਰਤਾਨ ਬੁੰਗੇ ਅਲੋਪ ਹੋ ਗਏ ਹਨ, ਉਨ੍ਹਾਂ ਦੀ ਥਾਂ ਤੇ ਸਰਾਵਾਂ, ਨਿਵਾਸ ਸਥਾਨ ਸੁਭਾਇਮਾਨ ਹਨ। ਸੰਗਤ ਦੀ ਆਮਦ ਵਧਣ ਕਰਕੇ ਮੌਜੂਦਾ ਸਰਾਵਾਂ/ਬੁੰਗਿਆਂ ਵਿੱਚ ਵਾਧਾ ਹੋ ਰਿਹਾ ਹੈ। ਹਰੇਕ ਗੁਰਸਿੱਖ ਦੋ ਵੇਲੇ ਦੀ ਅਰਦਾਸ ਵਿੱਚ ਚੌਕੀਆਂ, ਝੰਡੇ, ਬੁੰਗਿਆਂ ਦੀ ਚੜ੍ਹਦੀ ਕਲਾਂ ਦੀ ਕਾਮਨਾ ਕਰਦਾ ਹੈ। ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਮਹਾਰਾਜ ਜੀ ਬਾਨੀ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਸਮੂਹ ਗੁਰਸਿੱਖਾਂ ਦੀ ਅਰਦਾਸ ਕਬੂਲਦੇ ਹੋਏ ਚੜ੍ਹਦੀ ਕਲ੍ਹਾ ਬਖਸ਼ਣ ਜੀ।

-o-o-o-

# ਜੋ ਤੁਧੁ ਭਾਵੈ ਸਾਈ ਭਲੀ ਕਾਰ ॥

-ਸ.ਹਰੀ ਸਿੰਘ ਕੁਵੈਤ ਵਾਲੇ, ਮੋ : 98140-07847

ਗੁਰਸਿੱਖੀ ਦਾ ਮੂਲ ਸਿਧਾਂਤ ਹੈ ਕਿ ਸਦਾ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥'। ਸਭ ਉਸ ਪਰਮਾਤਮਾ ਦੇ ਹੁਕਮ ਅੰਦਰ ਹੋ ਰਿਹਾ ਹੈ। ਜੋ ਵੀ ਉਸ ਵੱਲੋਂ ਮਿਲ ਰਿਹਾ ਹੈ ਦੁੱਖ ਜਾਂ ਸੁੱਖ, ਗਰੀਬੀ ਜਾਂ ਅਮੀਰੀ, ਮਿਲਾਪ ਜਾਂ ਵਿਛੋੜਾ, ਨਫਾ ਜਾਂ ਨੁਕਸਾਨ, ਸਭ ਬਿਨ੍ਹਾਂ ਸ਼ਿਕਾਇਤ ਕੀਤੇ ਖੁਸ਼ੀ-ਖੁਸ਼ੀ ਪ੍ਰਵਾਨ ਕਰਦੇ ਜਾਵੋ। ਗੱਲ ਕੀ, ਕਿ ਸਾਡਾ ਯਤਨ ਹੋਣਾ ਚਾਹੀਦਾ ਹੈ ਅਸੀਂ ਹਰ ਹਾਲਤ ਵਿਚ ਖੁੱਸ਼ ਰਹੀਏ। ਬੱਸ ! ਸਾਡੇ ਜੀਵਨ ਦਾ ਇਹੋਂ ਹੀ ਮਨੋਰਥ ਬਣ ਜਾਵੇ "ਤੇਰਾ ਕੀਆ ਮੀਠਾ ਲਾਗੈ ॥" ਜਾਂ "ਜੋ ਤੁਧੁ ਭਾਵੈ ਸਾਈ ਭਲੀ ਕਾਰ ॥"।

ਸਾਡੀ ਮੁਸ਼ਕਲ ਇਹ ਹੈ ਕਿ ਐਸੀਆਂ ਪੰਗਤੀਆਂ ਦਾ ਬੱਸ ਝੂਮ-ਝੂਮ ਕੇ ਪਾਠ ਤਾਂ ਜ਼ਰੂਰ ਕਰਦੇ ਰਹਿੰਦੇ ਹਾਂ ਪਰ ਕਦੇ ਇਸ ਦੀ ਸੱਚਾਈ ਜਾਂ ਗਹਿਰਾਈ ਬਾਰੇ ਨਹੀਂ ਸੋਚਦੇ ਤੇ ਨਾ ਹੀ ਇਸ ਉੱਪਰ ਪੂਰਾ ਵਿਸ਼ਵਾਸ ਆਉਂਦਾ ਹੈ ਅਤੇ ਨਾ ਹੀ ਇਸ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਹਾਂ।

ਜ਼ਰਾ ਸੋਚੋ ਕਿ ਕਦੇ ਅਸੀਂ ਉਸ ਦਾ ਭਾਣਾ ਮਿੱਠਾ ਕਰਕੇ ਮੰਨਿਆ ਹੈ? ਕੀ ਕਦੇ ਸਾਡਾ ਕਾਰੋਬਾਰ ਠੀਕ ਨਾ ਚੱਲਦਾ ਹੋਵੇ ਤਾਂ ਅਸੀਂ ਪਰਮਾਤਮਾ ਦੀ ਮਰਜ਼ੀ ਉੱਪਰ ਛੱਡਿਆ ਹੈ? ਜਾਂ ਸਾਡਾ ਬੱਚਾ ਬਿਮਾਰ ਹੋਵੇ ਤਾਂ ਕੀ ਅਸੀਂ ਇਹ ਕਹਿਣ ਦੀ ਦਲੇਰੀ ਕਰ ਸਕਦੇ ਹਾਂ ਕਿ ਪਰਮਾਤਮਾ ਬੱਚੇ ਨੂੰ ਭਾਵੇ ਰਾਜੀ ਕਰ ਜਾਂ ਮਾਰ? ਅਸੀਂ 'ਸਾਈ ਭਲੀ ਕਾਰ' ਜਾਂ ਤੇਰੇ ਹੁਕਮ ਵਿੱਚ ਖੁਸ਼ ਹਾਂ। ਗੱਲ ਕੀ, ਕਿ ਅਸੀਂ ਕਦੇ ਵੀ ਦਿਲੋਂ ਕਿਸੇ ਕੰਮ ਦਾ ਕੋਈ ਭੈੜਾ ਨਤੀਜਾ ਵੇਖਣ ਲਈ ਹਰਗਿਜ਼ ਰਾਜੀ ਨਹੀਂ। ਸਾਡਾ ਵਿਸ਼ਵਾਸ ਤੇ ਭਰੋਸਾ ਬਹੁਤ ਕੱਚਾ ਤੇ ਪੱਲ ਵਿਚ ਡਾਵਾਂਡੋਲ ਹੋ ਜਾਂਦਾ ਹੈ। ਅਸੀਂ ਕਦੇ ਵੀ ਇਹ ਕਹਿਣ ਦੀ ਦਲੇਰੀ ਨਹੀਂ ਕਰ ਸਕਦੇ ਕਿ ਐ ਪਰਮਾਤਮਾ! ਜੇ ਤੈਨੂੰ ਭਾਵੇ ਤਾਂ ਸਾਡਾ ਕਾਰੋਬਾਰ ਬਰਬਾਦ ਕਰ ਦੇ ਜਾਂ ਬੱਚਾ ਬੀਮਾਰ ਰਹੇ ਅਸੀਂ ਹਰ ਹਾਲਤ ਵਿੱਚ ਸੱਚੇ ਦਿਲੋਂ ਤੇਰੇ ਹੁਕਮ ਅੱਗੇ ਸਿਰ ਝੁਕਾਵਾਂਗੇ। ਇਹ ਹੁਕਮ ਜਾਂ ਭਾਣਾ ਮੰਨਣ ਦੀ ਅਸਲੀ ਅਵਸਥਾ ਹੈ।

ਪਰਮਾਤਮਾ ਸਦਾ ਦਿਆਲ, ਮਿਹਰਬਾਨ, ਸਾਡਾ ਹਮਦਰਦ ਤੇ ਸ਼ੁੱਭਚਿੰਤਕ ਹੈ। ਸਾਡੇ ਭਲੇ-ਬੁਰੇ ਬਾਰੇ ਉਹ ਸਾਡੇ ਨਾਲੋਂ ਜ਼ਿਆਦਾ ਜਾਣਦਾ ਹੈ। ਉਸ ਪਿਤਾ ਪਾਸੋਂ ਆਪਣੇ ਪੁੱਤਰਾਂ ਲਈ ਕੋਈ ਵੀ ਐਸੀ ਹਾਲਾਤ ਨਹੀਂ ਹੋ ਸਕਦੀ ਜਿਸ ਨਾਲ ਉਨ੍ਹਾਂ ਨੂੰ

ਨੁਕਸਾਨ ਪੁੱਜ ਸਕੇ। ਜੇਕਰ ਪਰਮਾਤਮਾ ਦੀਆਂ ਇਨ੍ਹਾਂ ਸਿਫਤਾਂ ਬਾਰੇ ਸਦਾ ਖਿਆਲ ਰਹੇ ਤੇ ਉਸ ਉੱਪਰ ਭਰੋਸਾ ਤੇ ਸਿਦਕ ਆ ਜਾਵੇ ਕਿ ਐਸੀਂ ਹਸਤੀ ਪਾਸੋਂ ਕਦੇ ਸਾਡੇ ਲਈ ਬੁਰਾ ਕਰਨਾ ਤੇ ਇੱਕ ਪਾਸੇ ਕਦੀ ਸੋਚਿਆ ਵੀ ਨਹੀਂ ਜਾ ਸਕਦਾ ਤਾਂ ਅਸੀ ਉਸਦੇ ਹੁਕਮ ਜਾਂ ਭਾਣੇ ਨੂੰ ਮਿੱਠਾ ਮੰਨ ਕੇ ਉਸ ਅੰਦਰ ਖੁਸ਼ੀ-ਖੁਸ਼ੀ ਚੱਲਣ ਲਈ ਸਦਾ ਤਿਆਰ ਰਹਾਂਗੇ ਤੇ ਪੁਕਾਰ ਉਠਾਂਗੇ:-

ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥ (ਅੰਗ-੨੦੯)

ਇਹ ਵੀ ਖਿਆਲ ਰਹੇ ਕਿ ਪਰਮਾਤਮਾ ਨਾਲ ਸਾਡੇ ਹੋਰ ਵੀ ਸੰਬੰਧ ਹਨ, ਜਿਵੇਂ:-

੧. ਪਰਮਾਤਮਾ ਸਦਾ ਸਾਡੇ ਅੰਗ ਸੰਗ ਤੇ ਸਾਨੂੰ ਪਿਆਰ ਕਰਦਾ ਹੈ।

੨. ਉਹ ਸਾਡੀ ਹਰ ਜ਼ਾਇਜ਼ ਲੋੜ ਪੂਰੀ ਕਰਕੇ ਖੁਸ਼ ਹੁੰਦਾ ਹੈ ।

੩. ਸਾਨੂੰ ਆਪਣੇ ਭਲੇ ਬੁਰੇ ਦੀ ਏਨੀ ਸੋਝੀ ਨਹੀਂ ਜਿਨੀ ਉਸ ਨੂੰ ਹੈ।

੪. ਉਸ ਨੂੰ ਐਸੀ ਕੋਈ ਗੱਲ ਚੰਗੀ ਨਹੀਂ ਲੱਗ ਸਕਦੀ ਜੋ ਸਾਨੂੰ ਨੁਕਸਾਨ ਪਹੁੰਚਾ ਸਕਦੀ ਹੈ।

ਜੋ ਪਰਮਾਤਮਾ ਵੱਲੋਂ ਪਿਛਲੇ ਕਰਮਾਂ ਅਨੁਸਾਰ ਹੋ ਰਿਹਾ ਹੈ, ਉਹ ਹੋਣਾ ਹੀ ਹੈ। ਜੇ ਅਸੀਂ ਖੁਸ਼ੀ-ਖੁਸ਼ੀ ਕਬੂਲ ਕਰ ਲਈਏ ਤਾਂ ਠੀਕ ਹੈ, ਨਹੀਂ ਤਾਂ ਰੋ ਕੇ ਤਾਂ ਕਬੂਲ ਕਰਨਾ ਹੀ ਹੋਵੇਗਾ। ਜੋ ਹੋਣਾ ਹੈ, ਉਹ ਹੀ ਜ਼ਰੂਰ ਹੋਣਾ ਹੈ। ਇਸ ਵਿੱਚ ਸਾਡੀ ਕੋਈ ਸਿਆਣਪ ਕੰਮ ਨਹੀਂ ਕਰ ਸਕਦੀ :

ਸਿਆਨਪ ਕਾਹੂ ਕਾਮਿ ਨ ਆਤ ॥
ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ ॥੧॥ (ਅੰਗ-੪੯੬)

ਭਾਣਾ ਮਿੱਠਾ ਕਰਕੇ ਮੰਨਣ ਦੀ ਇਹ ਜੁਗਤੀ ਹੈ ਕਿ ਸਾਡੇ ਅੰਦਰ ਹਰ ਸਮੇਂ ਸਵਾਸ ਸਵਾਸ ਵਾਹਿਗੁਰੂ ਦੀ ਯਾਦ ਬਣੀ ਰਹੇ। ਜਦੋਂ ਅਸੀ ਸਿਮਰਨ ਅਭਿਆਸ ਵਿਚ ਲੱਗ ਗਏ ਤਾਂ ਫਿਰ ਉਹ ਵੀ ਮਿਹਰ ਕਰਦਾ ਹੈ ਤੇ ਅਸੀਂ ਜੀਵਨ ਦੀ ਹਰ ਬਿਖੜੀ ਤੋਂ ਬਿਖੜੀ ਘਟਨਾ ਵਿੱਚ ਅਡੋਲ ਤੇ ਖਿੜੇ ਮੱਥੇ ਲੰਘਦੇ ਹੋਏ ਆਪ ਸੁਖੀ ਤੇ ਦੂਸਰਿਆਂ ਨੂੰ ਵੀ ਸੁਖੀ ਬਣਾਉਂਦੇ ਜਾਵਾਂਗੇ।

-o-o-o-

# ਸੰਸਥਾ ਦੇ ਕਾਰਜਾਂ ਲਈ ਮੋਹਾਲੀ ਅਤੇ ਚੰਡੀਗੜ੍ਹ ਦੀ ਸੰਗਤ ਵਲੋਂ ਜੁਲਾਈ-2023 ਵਿੱਚ ਆਈ ਸਹਾਇਤਾ

**ਜਰਨਲ** : ਪ੍ਰੋ.ਗੁਰਬਚਨ ਸਿੰਘ ੧੦੦੦/-, ਸ.ਸੁਰਜੀਤ ਸਿੰਘ ੨੦੦੦/-, ਸ.ਜਸਭਿੰਦਰ ਸਿੰਘ ੫੦੦੦/-, ਸ.ਸੁਰਜੀਤ ਸਿੰਘ ੫੦੦/-, ਸ.ਤੇਜਵੰਤ ਸਿੰਘ ੫੦੦/-, ਸ.ਅਮਰਜੀਤ ਸਿੰਘ ੧੦੦੦/-, ਸ.ਰੁਪਿੰਦਰ ਸਿੰਘ ੫੦੦/-, ਬੀਬੀ ਕੰਵਲਜੀਤ ਕੌਰ ੫੦੦੦/-, ਬੀਬੀ ਦਲਜੀਤ ਕੌਰ ੫੧੦੦/-, ਸ.ਜਰਨੈਲ ਸਿੰਘ ੧੦੦੦/-, ਸ.ਬਲਵਿੰਦਰ ਸਿੰਘ ੧੦੦੦/-, ਸ.ਪਰਮਜੀਤ ਸਿੰਘ ੧੫੦੦/-, ਸ.ਸੁਖਬੰਸ ਸਿੰਘ ੫੦੦/-, ਸ.ਸਵਰਨ ਸਿੰਘ ੨੦੦੦/-, ਸ.ਹਰਦੀਪ ਸਿੰਘ ੧੦੦੦/-, ਸ.ਕਰਨੈਲ ਸਿੰਘ ੧੦੦੦/-, ਸ.ਸ਼ੇਰ ਸਿੰਘ ੫੦੦/-, ਗੁਪਤ ੨੦੦/-, ਸ.ਦਵਿੰਦਰ ਸਿੰਘ ੧੧੦੦/-, ਗੁਪਤ ੧੧੦੦/-, ਕੋਠੀ ਨੰ.੧, ਫੇਜ ੩-ਏ=੨੦੦/-, ਸ.ਜੋਗਿੰਦਰ ਸਿੰਘ ੨੦੦/-, ਸ.ਭਾਗ ਸਿੰਘ ੨੦੦/-, ਸ.ਦਲਜੀਤ ਸਿੰਘ ੫੦੦/-, ਸ.ਅਜਮੇਰ ਸਿੰਘ ੫੦੦-, ਸ.ਸੁਖਦੇਵ ਸਿੰਘ ੫੦/-, ਸ.ਗੁਲਜਾਰ ਸਿੰਘ ੧੦੦੦/-, ਸ.ਹਰੀ ਸਿੰਘ ੧੦੦੦/-, ਸ.ਸੁਰਜੀਤ ਸਿੰਘ ੧੦੦੦/-, ਸ.ਬਲਦੇਵ ਸਿੰਘ ੧੦੦੦/-, ਬੀਬੀ ਪਰਮਜੀਤ ਕੌਰ ੧੦੦/-, ਸ.ਗਿਆਨ ਸਿੰਘ ੫੦੦/-, ਸ੍ਰੀ.ਟੀ.ਪੀ.ਸਿੰਘ ੫੦੦/-, ਸ.ਸ਼ੇਰ ਸਿੰਘ ੫੦੦/-, ਸ.ਜਗਜੀਤ ਸਿੰਘ ੨੩੦੦/-, ਬੀਬੀ ਗੁਰਪ੍ਰੀਤ ਕੌਰ ੫੦੦/-, ਸ.ਬਲਵਿੰਦਰ ਸਿੰਘ ੫੧੦੦/-, ਸ.ਰਜਿੰਦਰ ਸਿੰਘ ੫੦੦/-, ਸ.ਬਲਦੇਵ ਸਿੰਘ ਪੰਛੀ ੧੦੦੦/-, ਸ.ਸਤਪਾਲ ਸਿੰਘ ੫੦੦/-, ਸ.ਅਮਰਜੀਤ ਸਿੰਘ ੫੦੦/-, ਸ.ਤੇਜ ਸਿੰਘ ੧੦੦੦/-, **ਸ.ਬਲਦੇਵ ਸਿੰਘ ਫੇਜ ੩ਬੀ੨ ਰਾਹੀਂ** : ਸ.ਗੁਰਦੀਪ ਸਿੰਘ ੧੦੦/-, ਬੀਬੀ ਜਗਦੀਸ਼ ਕੌਰ ੧੦੦/-, ਸ.ਕੁਲਦੀਪ ਸਿੰਘ ੧੦੦/-, ਸ.ਕਮਲ ਸਿੰਘ ੫੦੦/-, **ਸ.ਬਰਿੰਦਰ ਸਿੰਘ ਫੇਜ ੧੧ ਰਾਹੀਂ** : ਸ.ਗੁਰਦਿਆਲ ਸਿੰਘ ੧੦੦/-, ਸ.ਤੇਜਪਾਲ ਸਿੰਘ ੧੦੦/-, ਸ.ਪ੍ਰਭਕਿਰਤਨ ਸਿੰਘ ੧੦੦/-, ਜਗਜੀਤ ਕੈਮਿਸਟ ੧੦੦/-, ਸਾਹਨੀ ਮੈਡੀਕਲ ਹਾਲ ੨੫੦/-, ਸ.ਅਮਰਜੀਤ ਸਿੰਘ ੧੦੦/-, ਸ.ਤਰਸੇਮ ਸਿੰਘ ੫੦/-, ਜਨਤਾ ਆਟਾ ਚੱਕੀ ੧੦੦/-, ਸ.ਇੰਦਰ ਸਿੰਘ ੧੦੦/-, ਸ.ਸ਼ਮਸ਼ੇਰ ਸਿੰਘ ੫੦/-, ਸ.ਰਣਬੀਰ ਸਿੰਘ ੨੦੦/-, ਸ.ਤੇਜਪਾਲ ਸਿੰਘ ੫੦/-, **ਸ.ਗੁਰਮੀਤ ਸਿੰਘ ਸੈਕਟਰ ੭੯ ਰਾਹੀਂ** : ਸ.ਗੁਰਮੀਤ ਸਿੰਘ ੧੦੦੦/-, ਸ.ਰੁਪਿੰਦਰ ਸਿੰਘ ੧੦੦/-, ਸ੍ਰੀ.ਐਚ.ਐਸ.ਰੱਖੜਾ ੧੦੦/-, **ਸ.ਅਵਤਾਰ ਸਿੰਘ ਸੈਕਟਰ ੩੭ ਰਾਹੀਂ** : ਸ.ਸੁਰਿੰਦਰ ਸਿੰਘ ੨੦੦/-, ਸ.ਦਿਲਬਾਗ ਸਿੰਘ ੧੦੦੦/-, ਸ.ਸੁਰਿੰਦਰ ਸਿੰਘ ੧੦੦/-, ਗੁਪਤ ੧੦੦/-, ਸ.ਗੁਰਕੰਵਲ ਸਿੰਘ ੨੦੦/-, ਸ.ਸੁਰਬਜੀਤ ਸਿੰਘ ੧੦੦/-, ਗੁਪਤ ੫੦੦/-, **ਸ.ਹਰਜਿੰਦਰ ਸਿੰਘ ਸੈਕਟਰ ੪੬ ਰਾਹੀਂ** : ਸ.ਪ੍ਰਕਾਸ਼ ਸਿੰਘ ੧੦੦/-, ਬੀਬੀ ਦਲਜੀਤ ਕੌਰ ੫੦/-, ਸ਼ਰਮਾ ਪਰਿਵਾਰ ੧੦੦/-, ਸ.ਅਵਤਾਰ ਸਿੰਘ ੧੦੦/-, ਸ.ਤ੍ਰਿਪਤਪਾਲ ਸਿੰਘ ੫੦੦/-, ਗੁਲਾਟੀ ਪਰਿਵਾਰ ੧੦੦/-, ਸ.ਹਰਜਿੰਦਰ ਸਿੰਘ ੪੫੦/-, **ਸ.ਹਰਦੀਪ ਸਿੰਘ ਚੰਡੀਗੜ੍ਹ ਅਤੇ ਮੋਹਾਲੀ ਰਾਹੀਂ** : ਬੀਬੀ ਅਨੁਦੀਪ ਕੌਰ ੧੦੦੦/-, ਗੁਪਤ ੧੦੦/-, ਸ.ਲਾਭ ਸਿੰਘ ੫੦੦/-, ਬੀਬੀ ਗਗਨਦੀਪ ਕੌਰ ੧੦੦/-, ਸ.ਮੋਹਨ ਸਿੰਘ ੧੦੦/-, ਸ.ਅਲਬੇਲ ਸਿੰਘ ੨੦੦/-, ਸੇਠੀ ਪਰਿਵਾਰ ੧੦੦/-, ਬੀਬੀ ਜਸਵੰਤ ਕੌਰ ੫੦੦/-, ਬੀਬੀ ਬਲਜੀਤ ਕੌਰ ੫੦/-, ਬੀਬੀ ਮਨਜੀਤ ਕੌਰ ੨੦੦/-, ਸ.ਸੁਰਜੀਤ ਸਿੰਘ ੫੦/-, ਸ੍ਰੀ.ਵਾਈ.ਪੀ.ਐਸ.ਆਲੂਵਾਲੀਆ ੨੦੦/-, ਬੀਬੀ ਜਸਪ੍ਰੀਤ ਕੌਰ ੫੦੦/-, ਸ.ਮਨਪ੍ਰੀਤ ਕੌਰ ੧੦੦/-, ਸ.ਮਨਜੀਤ ਸਿੰਘ ੫੦/-, ਸ.ਸਤਬੀਰ ਸਿੰਘ ੧੦੦/-, ਬੀਬੀ ਮਹਿੰਦਰ ਕੌਰ ੨੦/-, ਸ.ਤੇਜਿੰਦਰ ਸਿੰਘ ੨੦/-, ਸ.ਸਤਬੀਰ ਸਿੰਘ ੫੦੦/-, ਸ.ਗੁਰਦਿਆਲ ਸਿੰਘ ੫੦/-, ਸ.ਸਰਦੂਲ ਸਿੰਘ ੧੦੦/-, ਸ੍ਰੀ.ਜੀ.ਐਸ.ਓਬਰਾਏ ੫੦/-, ਸ.ਨਰਿੰਦਰ ਸਿੰਘ ੫੦/-, ਬੀਬੀ ਹਰਬੰਸ ਕੌਰ ੫੦੦/-, ਸ.ਅਮਰਜੀਤ ਸਿੰਘ ੨੦੦/-, ਸ.ਜਗਮੋਹਨ ਸਿੰਘ ੧੦੦/-, ਸ.ਸੋਹਨ ਸਿੰਘ ੨੦੦/-, ਸ.ਸੁਮੀਤ ਸਿੰਘ ੫੦੦/-, ਬੀਬੀ ਪਰਮਜੀਤ ਕੌਰ ੧੦੦/-, **ਸ.ਮਨਿੰਦਰ ਸਿੰਘ ਚੰਡੀਗੜ੍ਹ ਰਾਹੀਂ** : ਗੁਪਤ ੩੦/-, ਸ.ਓਦੈ ਸਿੰਘ ੧੦/-, ਸ.ਕਰਨੈਲ ਸਿੰਘ ੧੦੦/-, ਸ.ਗੁਰਬਖਸ਼ ਸਿੰਘ ੫੦੦/-, ਬੀਬੀ ਰਵਿੰਦਰ ਕੋਰ ੨੦੦/-, ਸ.ਜਸਵੰਤ ਸਿੰਘ ੫੦੦/-, ਸ੍ਰੀ.ਭਾਟੀਆ ਜੀ ੨੦੦/-, ਬੀਬੀ ਦਰਸ਼ਨ ਕੌਰ ੫੦੦/-, ਸ.ਬਲਵੰਤ ਸਿੰਘ ੫੦੦/-, ਬੀਬੀ ਰਵਿੰਦਰ ਕੌਰ ੨੦੦੦/-, **ਸ.ਮਨਜੀਤ ਸਿੰਘ ਚੰਡੀਗੜ੍ਹ ਅਤੇ ਮੋਹਾਲੀ ਰਾਹੀਂ** :ਸ਼ਾਸਤਰੀ ਮਾਡਲ ਸਕੂਲ ੫੦/-, ਕੋਠੀ ਨੰ.੧੯, ਫੇਜ ੬=੨੦੦/-, ਬੀਬੀ ਰਤਨ ਕੌਰ ੫੦੦/-, ਸ.ਨਛਤਰ ਸਿੰਘ ੫੦/-, ਸ.ਬਲਦੇਵ ਸਿੰਘ ੧੦੦/-, ਸ.ਤਰਲੋਚਨ ਸਿੰਘ ੮੦੦/-, ਸ.ਰਮਨਦੀਪ ਸਿੰਘ ੧੦੦/-, ਬੀਬੀ ਜਸਬੀਰ ਕੌਰ ੧੦੦/-, ਸ.ਕੁਲਦੀਪ ਸਿੰਘ ੨੦/-, ਦੁਆਬਾ ਫੈਸ਼ਨ ੧੦੦/-, ਚੋਹਾਨ ਜਿਊਲਰਜ਼ ੧੦੦/-, ਮਿਲਨ ਸ਼ਾਪ ੫੦/-, ਪ੍ਰਿਸ ਸਟੇਸ਼ਨਰੀ ੨੦/-,

ਸ.ਹਰਬੰਸ ਸਿੰਘ ੫੦/-, ਸ.ਬਿਕਰਮ ਸਿੰਘ ੨੦੦/-, ਬੀਬੀ ਗੁਰਮੀਤ ਕੌਰ ੫੦/-, ਜੈਮ ਪਬਲਿਕ ਸਕੂਲ ੩੦੦/-, ਬੀਬੀ ਸੁਰਜੀਤ ਕੌਰ ੧੦੦/-, ਸ.ਜੋਗਿੰਦਰ ਸਿੰਘ ੫੦/, ਆਯੂਮੈਨ ਪਬਲਿਕ ਸਕੂਲ ੨੦/- ਸ.ਗੁਰਦੀਪ ਸਿੰਘ ੫੦/-, ਸ.ਸੁਰਿੰਦਰ ਸਿੰਘ ੨੦/-, ਸ.ਸਰਜੰਤ ਸਿੰਘ ੧੦੦/-, ਸ.ਸੁਰਿੰਦਰ ਸਿੰਘ ੫੦/-, ਸ.ਜਗਜੀਤ ਸਿੰਘ ੧੦੦/-, ਗੁਪਤ ੨੦/-, ਬੀਬੀ ਇੰਦਰਜੀਤ ਕੌਰ ੨੦੦/-, ਸ.ਰੁਪਿੰਦਰ ਸਿੰਘ ੫੦੦/-, ਬੀਬੀ ਗਿਆਨ ਕੌਰ ੧੦੦/-, ਸ.ਤਰਲੋਚਨ ਸਿੰਘ ੫੦੦/-, ਗੁਪਤ ੧੦੦੦/-, ਬੀਬੀ ਦਲਜੀਤ ਕੌਰ ੨੦੦/-, ਸ.ਮਾਨ ਸਿੰਘ ੧੦੦/-, ਬੀਬੀ ਗੁਰਪ੍ਰੀਤ ਕੌਰ ੧੦੦/-, ਸ.ਹਰਸਰਨ ਸਿੰਘ ੫੦/-, ਸ.ਦਵਿੰਦਰ ਸਿੰਘ ੧੦੦/-, ਸ.ਅਜੀਤ ਸਿੰਘ ੫੦/-, ਬੀਬੀ ਰਜਮਨਦੀਪ ਕੌਰ ੧੦੦/-, ਸ.ਦਾਰਾ ਸਿੰਘ ੫੦੦/-, ਆਕਾਲ ਓਪਟੀਕਲਜ਼ ੧੦੦/-, ਲਵਲੀ ਇਲੈਕਟ੍ਰੀਕਲਸ ੨੦/-, ਨਾਗਪਾਲ ਡਿਪਾਰਟਮੈਂਟ ਸਟੋਰ ੧੦੦/-, ਜੀ.ਕੇ.ਸਟੇਸ਼ਨਰੀ ੨੦/-, ਸ.ਮਦਨਜੀਤ ਸਿੰਘ ੫੦/-, ਸ.ਜਸਵੰਤ ਸਿੰਘ ੧੦੦/-, ਸ.ਕੁਲਵਿੰਦਰ ਸਿੰਘ ੧੦੦/-, ਬੀਬੀ ਤ੍ਰਿਪਤ ਕੌਰ ੩੦੦/-, ਬੀਬੀ ਜੋਗਿੰਦਰ ਕੌਰ ੨੦/-, ਸ.ਤਾਰਾ ਸਿੰਘ ੧੦੦/-, ਬੀ.ਸੁਖਮਿੰਦਰ ਕੌਰ ੧੦੦/-, ਬੀਬੀ ਅੰਮ੍ਰਿਤਪਾਲ ਕੌਰ ੧੦੦੦/-, ਸ.ਜੋਗਿੰਦਰ ਸਿੰਘ ੧੦੦/-, ਬੀ.ਕੁਲਵੰਤ ਕੌਰ ੧੦੦/-, ਸ.ਹਰਭਜਨ ਸਿੰਘ ੫੦੦/-, ਦਵਿੰਦਰ ਭਾਟੀਆ ੨੦੦/- , ਸ.ਕਰਨੈਲ ਸਿੰਘ ੧੦੦/-, ਸ.ਹਰਭਜਨ ਸਿੰਘ ੧੦੦/-, ਸ.ਬਲਦੇਵ ਸਿੰਘ ੧੦੦/-, ਸ੍ਰੀ.ਬਲਦੇਵ ਰਾਜ ੧੦੦/-, ਸ.ਹਰਬੰਸ ਸਿੰਘ ੧੦੦/-, ਸ.ਦਿਆਲ ਸਿੰਘ ੩੦/-, ਬੀਬੀ ਕੈਲਾਸ਼ ਕੌਰ ੧੦੦/-, ਸ.ਕਰਮ ਸਿੰਘ ੧੦੦/-, ਬੀਬੀ ਸੁਰਜੀਤ ਕੌਰ ੧੦੦/-, ਗੁਪਤ ੧੦੦+੧੦੦/-, ਸ੍ਰੀ. ਨਾਰੰਗ ੨੦/-, ਮਜੈਸਟਿਕ ਪ੍ਰਿੰਟਿੰਗ ਪ੍ਰੈਸ ੧੦੦੦/-, ਸ.ਅਮਰਜੀਤ ਸਿਮਘ ੧੦੦/-, ਸ.ਰਾਜਵੰਤ ਸਿੰਘ ੨੦੦/-, ਸ.ਰਣਜੀਤ ਸਿੰਘ ੨੦੦/-, ਸ.ਜਤਿੰਦਰ ਸਿੰਘ ੫੦੦/-, ਸ.ਕਰਮ ਸਿੰਘ ੧੦੦/-, ਸ.ਗੁਰਨਾਮ ਸਿੰਘ ੪੦/-, ਸ.ਮੋਹਨ ਸਿੰਘ ੧੦੦/-, ਸ.ਕਰਨੈਲ ਸਿੰਘ ੧੦੦/-, ਬੀਬੀ ਹਰਸਿਮਰਨ ਕੌਰ ੨੦੦/-, ਸ.ਹਰਸ਼ਰਨ ਸਿੰਘ ੫੦/-, ਸ.ਰਾਜਿੰਦਰ ਸਿੰਘ ੪੦੦/-, ਬੀਬੀ ਸੁਰਿੰਦਰ ਕੌਰ ੧੦੦/-, ਕੋਠੀ ਨੰ. ੩੪੩, ਫੇਜ ੧=੫੦/-, ਸ.ਹਰਕੀਰਤ ਸਿੰਘ ੧੦੦/-, ਸ.ਜਗਜੀਤ ਸਿੰਘ ੧੦੦/-, ਸ.ਚਰਨਜੀਤ ਸਿੰਘ ੧੦੦/-, ਸ.ਅੰਮ੍ਰਿਤਪਾਲ ਸਿੰਘ ੫੦੦/-, ਸ.ਹਾਕਮ ਸਿੰਘ ੨੦੦/-, ਸ.ਜਗੀਰ ਸਿੰਘ ੧੦੦/-, ਸ.ਮਨਜੀਤ ਸਿੰਘ ੩੦/-, ਸ.ਗੁਰਦੇਵ ਸਿੰਘ ੫੦/-, ਬੁੱਕ ੧੦੦/-, ਬੀਬੀ ਮਨਜੀਤ ਕੌਰ ੧੦੦/-, ਬੀਬੀ ਕਮਲਜੀਤ ਕੌਰ ੨੯੦੦/-, ਬੀਬੀ ਬਲਦੇਵ ਸਿੰਘ ੧੦੦/-, ਬੀ.ਕੇ. ਫੈਸ਼ਨ ੧੦੦/-, ਸ.ਸਰਬਜੀਤ ਸਿੰਘ ੧੦੦/-, ਸ.ਚਰਨ ਸਿੰਘ ੨੦੦/-, ਡਾ.ਅਤਰ ਸਿੰਘ ੫੦੦/-, ਸ.ਮਹਿੰਦਰ ਸਿੰਘ ੫੦/-, ਸ.ਗੁਰ ਸਹਿਜਪਾਲ ਸਿੰਘ ੫੦/-, # ੧੭੯੮, ਫੇਜ ੭=੧੦੦/-, ਸ.ਬਲਦੇਵ ਸਿੰਘ ੫੦/-, ਸ.ਭਾਗ ਸਿੰਘ ੫੦/-, ਸ.ਮਨਦੀਪਕ ਸਿੰਘ ੧੦੦/-, ਬੀਬੀ ਹਰਿੰਦਰ ਕੌਰ ੧੦੦/-, ਸ.ਹਰਦੀਪ ਕੌਰ ੫੦੦/-, ਸ੍ਵਰਗਵਾਸੀ ਸ.ਸੁਰਜੀਤ ਸਿੰਘ ੨੦੦/- , ਸ.ਜਸਵਿੰਦਰ ਸਿੰਘ ੧੦੦/-, ਸ.ਸੁਰਜੀਤ ਸਿੰਘ, ਸ.ਨਿਰਮਲ ਸਿੰਘ ੧੦੦੦/-, ਸ.ਹਰਪਾਲ ਸਿੰਘ ੧੦੦/-, ਸ੍ਰੀ.ਜੀ.ਐਸ.ਚੀਮਾ ੫੦੦/-, ਸ੍ਰੀ.ਜੀ.ਐਸ.ਬੈਂਸ ੨੦੦/-, ਸ.ਜਸਦੀਪ ਸਿੰਘ ੧੦੦/-, ਸ.ਹਰਤੇਜ ਸਿੰਘ ੫੦/-, ਸ.ਨਿਰਮਲ ਸਿੰਘ ੨੦੦/-, ਸ.ਸਿਮਰਪ੍ਰੀਤ ਸਿੰਘ ੧੦੦/-, ਸ.ਗੁਰਮੇਲ ਸਿੰਘ ੫੦/-, ਸ.ਸੋਹਨ ਸਿੰਘ ੧੦੦/-, ਸ.ਗੁਰਚਰਨ ਸਿੰਘ ੨੦/-, ਸ.ਗੁਰਕੀਰਤ ਸਿੰਘ ੧੦੦/-, ਸ.ਹਰਵਿੰਦਰ ਸਿੰਘ ੫੦੦/-, ਸ.ਮਨਮੋਹਨ ਸਿੰਘ ੫੦੦/-, ਸ.ਗੁਰਬਚਨ ਸਿੰਘ ੨੦/-, ਸ.ਹਰਭਜਨ ਸਿੰਘ ੫੦/-ਸ.ਰਣਧੀਰ ਸਿੰਘ ੧੦੦/-, ਸ.ਮਨਜੀਤ ਸਿੰਘ ੧੦੦/-, ਸ.ਇੰਦਰਜੀਤ ਸਿੰਘ ੧੦੦/-, ਸ.ਇੰਦਰਜੀਤ ਸਿੰਘ ੨੦੦/-, ਬੀਬੀ ਸੁਰਜੀਤ ਕੌਰ ੧੦੦/-, ਸ.ਪਲਵਿੰਦਰ ਸਿੰਘ ੧੦੦/-, ੧੦੦/-, ਮਾਤਾ ਜਸਦੀਸ਼ ਕੌਰ ੨੦੦+੧੦੦/-, ਸ.ਸਵਰਨ ਸਿੰਘ ੧੦੦/-, ਸ.ਪ੍ਰਿਤਪਾਲ ਸਿੰਘ ੫੦/-, ਸ.ਹਰਜੀਤ ਸਿੰਘ ੨੦੦/-, ਸ.ਹਰਿੰਦਰ ਸਿੰਘ ੪੦੦/-, ਸ.ਭੁਪਿੰਦਰ ਸਿੰਘ ੧੦੦/-, ਸ.ਗੁਰਵਿੰਦਰ ਸਿੰਘ ੫੦੦/-, ਬੀਬੀ ਪਰਮਜੀਤ ਕੌਰ ੧੦੦/-, ਸ.ਭੁਪਿੰਦਰ ਸਿੰਘ ੨੦੦/-, ਸ.ਗੁਰਦੇਵ ਸਿੰਘ ੫੦/-, ਸ.ਮਹਿੰਦਰ ਸਿੰਘ ੧੦੦/-, ਸ.ਹਰਮਨ ਦੀਪ ਸਿੰਘ ੫੦/-, ਸ.ਗੁਰਰਾਜ ਸਿੰਘ ੧੦੦/-, ਸ.ਮਨਦੀਪ ਸਿੰਘ ੧੦੦/-, ਸ੍ਰੀ.ਕੇ.ਪੀ.ਸਿੰਘ ੧੦੦/-, ਸ.ਸਰਬਜੀਤ ਸਿੰਘ ੧੦੦/-, ਸ.ਅਵਤਾਰ ਸਿੰਘ ੨੦੦/-, ਸ.ਬਲਦੇਵ ਸਿੰਘ ੨੦-, ਸ.ਰਣਬੀਰ ਸਿੰਘ ੧੦੦/-, ਸ੍ਰੀ ਐਚ.ਐਸ.ਢਿਲੋਂ ੫੦/-, ਬੀਬੀ ਪਰਮਜੀਤ ਕੌਰ ੨੦੦/-, ਗੁਪਤ ੨੦੦/-, ਸ.ਕੁਲਦੀਪ ਸਿੰਘ ੨੦/-, ਬੀਬੀ ਦਲਜੀਤ ਕੌਰ ੩੦੦੦/-, ਸ.ਰਾਜਿੰਦਰ ਸਿੰਘ ੬੦੦/-, ਸ.ਜਸਵੰਤ ਸਿੰਘ ੧੦੦/-, ਸ.ਨਰਿੰਦਰ ਸਿੰਘ ੫੦/-, ਸ.ਸੁਰਿੰਦਰ ਸਿੰਘ ੧੦੦/-, ਬੀਬੀ ਕਰਨਜੋਤ ਕੌਰ ੫੦/-, ਸ.ਲੈਮਨ ਸਿੰਘ ੨੦/-, ਸ.ਪ੍ਰਦੁਮਨ ਸਿੰਘ ੧੦੦/-,

# ਖਬਰਾਵਲੀ :

**ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨੀ ਡਿਓੜੀ ਦੇ ਅੰਦਰੂਨੀ ਹਿੱਸੇ ਦੀ ਮੁਰੰਮਤ ਲਈ ਕਾਰ ਸੇਵਾ ਸ਼ੁਰੂ :** ਅੰਮ੍ਰਿਤਸਰ, ੫ ਅਗਸਤ : ਸ੍ਰੀ ਹਰਿਮੰਦਰ ਸਾਹਿਬ ਦੇ ਪਰਿਕਰਮਾ ਵਿਚਲੇ ਮੁੱਖ ਪ੍ਰਵੇਸ਼ ਦੁਆਰ ਦਰਸ਼ਨੀ ਡਿਓੜੀ ਦੀਆਂ ਛੱਤਾਂ, ਦੀਵਾਰਾਂ, ਪੌੜੀਆਂ ਸਮੇਤ ਅੰਦਰਲੇ ਹਿੱਸੇ ਦੀ ਮੁਰਮੰਤ ਲਈ ਕਾਰ ਸੇਵਾ ਅੱਜ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ, ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵਲੋਂ ਅਰਦਾਸ ਉਪਰੰਤ ਜੈਕਾਰਿਆਂ ਦੀ ਗੂੰਜ ਵਿੱਚ ਆਰੰਭ ਕੀਤਾ ਗਈ।

**ਪਿੰਗਲਵਾੜਾ ਸੰਸਥਾ ਦੇ ਬਾਨੀ ਭਗਤ ਪੂਰਨ ਸਿੰਘ ਦੀ ੩੧ਵੀਂ ਬਰਸੀ ਮੌਕੇ ਕਰਵਾਇਆ ਗੁਰਮਤਿ ਸਮਾਗਮ :** ਅੰਮ੍ਰਿਤਸਰ, ੫ ਅਗਸਤ : ਪਿੰਗਲਵਾੜਾ ਸੰਸਥਾ ਦੇ ਬਾਨੀ ਅਤੇ ਸਮਾਜ ਸੇਵੀ ਭਗਤ ਪੂਰਨ ਸਿੰਘ ਦੀ ੩੧ ਵੀਂ ਬਰਸੀ ਅੱਜ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਵਲੋਂ ਗੁਰਮਤਿ ਸਮਾਗਮ ਦੇ ਰੂਪ ਵਿੱਚ ਪਿੰਗਲਵਾੜਾ ਦੇ ਮੁੱਖ ਕੈਂਪਸ ਅੰਮ੍ਰਿਤਸਰ ਵਿਖੇ ਮਨਾਈ ਗਈ।

**ਕੈਲਗਰੀ 'ਚ ਗਦਰੀ ਬਾਬਿਆਂ ਦੇ ਮੇਲੇ ਦੀ ਕਵੀ ਦਰਬਾਰ ਨਾਲ ਸ਼ੁਰੂਆਤ :** ਕੈਲਗਰੀ, ੫ ਅਗਸਤ : ਪੰਜਾਬੀ ਇੰਡੋ ਫੇਸਟ ਗਦਰੀ ਮੇਲਾ ਫਾਊਡੇਸ਼ਨ ਵਲੋਂ ਹਰ ਸਾਲ ਦੀ ਤਰ੍ਹਾਂ ਮਨਾਏ ਜਾ ਰਹੇ ੨੩ ਵੇਂ ਗਦਰੀ ਮੇਲੇ ਦੀ ਸ਼ੁਰੂਆਤ ਕਵੀ ਦਰਬਾਰ ਨਾਲ ਪ੍ਰੇਰੀਵਿੰਡ ਪਾਰਕ ਵਿੱਚ ਹੋਈ । ਸਮਾਗਮ ਦੀ ਸ਼ੁਰੂਆਤ ਪ੍ਰਸਿੱਧ ਲੇਖਕ ਅਤੇ ਵਿਦਵਾਨ ਪ੍ਰੋ.ਮਨਜੀਤ ਸਿੰਘ ਵਲੋਂ ਗਦਰੀ ਬਾਬਿਆ ਦੀ ਭਾਰਤ ਦੀ ਆਜ਼ਾਦੀ ਵਾਸਤੇ ਲੜੀ ਗਈ ਲੰਮੀ ਲੜਾਈ, ਜਿਸ ਵਿੱਚ ਉਨ੍ਹਾਂ ਨੇ ਅਣ-ਮਨੁੱਖੀ ਤਸ਼ੱਦਦ ਸਹਿੰਦਿਆ ਹੋਇਆ ਲੰਮੀਆਂ ਕੈਦਾਂ ਕੱਟੀਆ। ਫਾਸੀ ਦੇ ਰੱਸੇ ਚੁੰਮ ਕੇ ਜਾਨਾਂ ਵਾਰੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਖਾਲਸਾ ਦੀਵਾਨ ਸੁਸਾਇਟੀ ਵੈਨਕੈਵਰ ਵਲੋਂ ਪਹਿਲੇ ਗੁਰਦੁਆਰਾ ਸਾਹਿਬ ਅਤੇ ਅਮਰੀਕਾ ਦੇ ਗੁਰਦੁਆਰਾ ਸਟਾਕਟਨ ਵਲੋਂ ਵੀ ਸ਼ਾਲਾਘਾਯੋਗ ਭੂਮਿਕਾ ਨਿਭਾਈ ਗਈ। ਉਹ ਭਾਰਤ ਦੀ ਆਜ਼ਾਦੀ ਦੇ ਘੋਲ ਵਿੱਚ ਅਹਿਮ ਯੋਗਦਾਨ ਸੀ।

('ਰੋਜਾਨਾ ਅਜੀਤ' ਵਿਚੋਂ ਧੰਨਵਾਦ ਸਹਿਤ)

## ਸੰਸਥਾ ਦੇ ਕਾਰਜਾਂ ਲਈ ਜੁਲਾਈ 2023 ਵਿੱਚ ਆਨਲਾਇਨ ਆਈ ਸਹਾਇਤਾ

<u>ਆਨਲਾਇਨ</u> : ਸ.ਲਾਜਵੰਤ ਸਿੰਘ ੨੦੦/-, ਸ.ਭੁਪਿੰਦਰ ਸਿੰਘ ੨੧/-, ਸ.ਸ਼ਰਨਜੀਤ ਸਿੰਘ ੧੯੦੦/-, ਸ.ਚੰਨਕੰਵਲ ਸਿੰਘ ਕਨੇਡਾ ੬੦੬੭/-, ਸ.ਬੇਅੰਤ ਸਿੰਘ ੩੦੦੦੦/-, ਸ.ਰੁਪਿੰਦਰ ਸਿੰਘ ੫੦੦/-, ਸ.ਤਲਵਿੰਦਰ ਸਿੰਘ ੧੦੦੦/-, ਸ.ਕਾਬਲ ਸਿੰਘ ੨੧੦੦-, ਸ.ਇੰਦਰਪਾਲ ਸਿੰਘ ੫੦੦੦/-, ਸ.ਰਣਜੀਤ ਸਿੰਘ ੧੦੧/-, ਸ.ਸੁਰਿੰਦਰ ਸਿੰਘ ੨੦੧/-, ਖਾਲਸਾ ਜੀ ੫੦੦/-, ਸ.ਪਰਮਜੀਤ ਸਿੰਘ ੧੦੦੦੦/-, ਸ.ਤਲਵਿੰਦਰ ਸਿੰਘ ੫੦੦/-, ਸ.ਗੁਰਬਖਸ਼ ਸਿੰਘ ਉਬਰਾਏ ੧੦੦੦੦+੧੦੦੦੦+੧੦੦੦੦=੩੦੦੦੦/-, ਗੁਪਤ ੫੦੦/-, ਬੀਬੀ ਪ੍ਰਵੀਨ ਕੌਰ ੫੦੦/-, ਸ.ਲਾਜਵੰਤ ਸਿੰਘ ੨੦੦-, ਗੁਪਤ ੧੦੦੦/-, ਗੁਪਤ ੫੦੦+੧੦੧/-, ਸ੍ਰੀ.ਪੀ.ਐਸ.ਲਾਂਬਾ ਮਨੀਆਰਡਰ ੭੦/-, ਸ.ਲਵਪ੍ਰੀਤ ਸਿੰਘ ੫੦੦/-, ਗੁਪਤ ੫੦੦/-,

<u>ਅੰਮ੍ਰਿਤਸਰ : ਚੋਗਾਵਾ ਦੀ ਸੰਗਤ ਰਾਹੀਂ</u> : ਫੌਜੀ ਹਾਰਡਵੇਅਰ ੧੦੦/-, ਬਾਬੂ ਜੀ ੧੦੦/-, ਡਾ.ਬਲਬੀਰ ਸਿੰਘ ੫੦/-, ਸ੍ਰੀ.ਜਗਨ ਨਾਥ ੨੦/-, ਭਾਟੀਆ ਗਾਰਮੈਟਸ ੨੦/-, ਗੁਰਸ਼ਰਨ ਟੇਲਰਜ਼ ੨੦/-, ਖਾਲਸਾ ਜਨਰਲ ਸਟੋਰ ੨੦/-, ਮਿਸਤਰੀ ਜਸਬੀਰ ਸਿੰਘ ੧੦/-, ਸ.ਦਲਜੀਤ ਸਿੰਘ ੧੦/-, ਸੁੱਖ ਇਲੈਕਟ੍ਰੀਕਲ ੧੦/-,

Date of Publication :1st & 2nd of every Month. Posted Through MB
P.O. Regn. G/CHD/0090/2021-2023
Regd. Newspaper R.N.I. PUNPUN/ 2000/3037
'ਗੁਰਬਾਣੀ ਚਾਨਣੁ' (ਮਾਸਿਕ ਪੱਤ੍ਰਿਕਾ)
If Undelivered Return to: Bhawan No. 6, Phase-3-A (Sec-53)
S.A.S. Nagar, MOHALI (Chandigarh) - 160059 (INDIA)

# ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ ॥

## ਮਹੀਨਾ ਅੱਸੂ

(ਅੰਗ-੧੧੦੮)

**ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ ॥ ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ ॥ ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ ॥ ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ ॥ ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ ॥ ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ ॥੧੧॥**

ਅੱਸੂ ਦੇ ਮਹੀਨੇ ਵਿੱਚ ਜੀਵ ਇਸਤ੍ਰੀ, ਪ੍ਰਭੂ ਪਤੀ ਅੱਗੇ ਤਰਲੇ ਕਰਦੀ ਹੈ ਕਿ ਹੇ ਪ੍ਰੀਤਮ ਜੀ ! ਤੁਸੀਂ ਮੇਰੇ ਘਰ ਆਓ, ਮੈਂ ਤੁਹਾਡੇ ਦਰਸ਼ਨ ਲਈ ਝੂਰ ਝੂਰ ਕੇ ਮਰ ਰਹੀ ਹਾਂ। ਮੈਂ ਆਪ ਨੂੰ ਤਾਂ ਹੀ ਮਿਲ ਸਕਦੀ ਹਾਂ ਜੇ ਕਰ ਤੁਸੀਂ ਮੈਨੂੰ ਆਪਣੇ ਨਾਲ ਮੇਲ ਲਵੋ, ਪਰ ਮੈ ਤਾਂ ਦੂਜੇ ਪਿਆਰ ਵਿੱਚ ਕੁਰਾਹੇ (ਔਝੜ) ਪਈ ਹੋਈ ਹਾਂ।

ਕੁਰਾਹੇ ਪਈ ਹੋਈ ਹੋਣ ਕਰਕੇ, ਮੈਨੂੰ ਪਤੀ ਪ੍ਰਮੇਸ਼ਰ ਨੇ ਛੱਡ ਦਿੱਤਾ ਹੈ।

ਜਿਵੇਂ ਕਾਹੀ (ਸਰਕੜਾ) ਨੂੰ ਚਿੱਟੇ ਫੁੱਲ ਪੈ ਗਏ ਹਨ, ਮੇਰੇ ਵੀ ਵਾਲ ਸਫੈਦ ਹੋ ਗਏ ਹਨ, ਭਾਵ ਬੁਢੇਪਾ ਆ ਗਿਆ ਹੈ।

ਪਹਿਲਾਂ ਗਰਮੀ ਦੀ ਰੁੱਤ ਆਈ ਹੈ ਅਤੇ ਪਿਛੋਂ ਸਰਦੀ ਦੀ ਰੁੱਤ ਆ ਰਹੀ ਹੈ, ਇਹ ਵੇਖ ਕੇ ਮੇਰਾ ਮਨ ਡੋਲ ਰਿਹਾ ਹੈ।

ਚਾਰੇ ਪਾਸੇ ਹਰਿਆਵਲ ਹੀ ਹਰਿਆਵਲ ਹੈ। ਪੱਤੇ ਟਾਹਣੀਆਂ ਹੌਲੀ ਹੌਲੀ ਵੱਧ ਫੁੱਲ ਰਹੀਆਂ ਹਨ। ਜਿਸ ਨੂੰ ਦੇਖ ਕੇ ਮਨ ਨੂੰ ਧੀਰਜ ਆਉਂਦੀ ਹੈ ਕਿ ਅਡੋਲ ਅਵਸਥਾ ਵਿੱਚ ਜਿਹੜਾ ਜੀਵ ਦ੍ਰਿੜ ਰਹਿੰਦਾ ਹੈ ਉਸ ਨੂੰ ਪ੍ਰਭੂ ਮਿਲਾਪ ਦੀ ਮਿਠਾਸ ਅਥਵਾ ਖੁਸ਼ੀ ਮਿਲਦੀ ਹੈ।

ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਜਦੋਂ ਸਤਿਗੁਰੂ ਜੀ ਵਿਚੋਲੇ ਬਣ ਗਏ ਤਾਂ ਅਰਦਾਸ ਕਰ ਕਿ ਅੱਸੂ ਦੇ ਮਹੀਨੇ ਵਿੱਚ ਮੈਨੂੰ ਵਾਹਿਗੁਰੂ ਜੀ ਮਿਲ ਪੈਣ।